ਸੰਪਾਦਕ :
ਸੁਰਿੰਦਰ ਪਾਲ ਸਿੰਘ ਧੰਜਲ



# ਵਤਨੋਂ ਦੂਰ

ਅੰਕ:1 ਜੁਲਾਈ 1973
ਸਾਲ:1 ਮੁੱਲ: 50 ਸੈਂਟ

1

## "ਸ਼ਰਧਾਂਜਲੀ ਅੰਕ"


**ਕਵੀ ਜੋ ਵਿੱਛੜ ਗਏ** ●
ਸ਼ਿਵ ਕੁਮਾਰ ਬਟਾਲਵੀ - ( ਚੋਣਵੀਆਂ ਰਚਨਾਵਾਂ )
ਬਾਵਾ ਬਲਵੰਤ - ( ਪੰਜ ਚੋਣਵੀਆਂ ਰਚਨਾਵਾਂ )
ਵਿਧਾਤਾ ਸਿੰਘ ਤੀਰ - ( ਇਕ ਅਮਰ - ਰਚਨਾ )

**ਸਾਜ਼ ਅਤੇ ਆਵਾਜ਼** ●
ਬਲਰਾਜ ਸਾਹਨੀ -
ਲੇਖ : ਕਲਾਕਾਰ ਜਮਾਂਦਰੂ ਹੁੰਦਾ ਹੈ ਜਾਂ ਬਣਦਾ ਹੈ

**ਇਸ ਅੰਕ ਦਾ ਨਾਵਲ** ●
ਨਾਨਕ ਸਿੰਘ -
ਦੂਰ ਕਿਨਾਰਾ (ਨਾਵਲ) ਦਾ ਇੱਕ ਕਾਂਡ

**ਕਵਿਤਾਵਾਂ** ●
ਨੰਦ ਲਾਲ ਨੂਰਪੁਰੀ
ਸੰਤ ਰਾਮ ਉਦਾਸੀ
ਅਹਮਦ ਸਲੀਮ ( ਦੋ ਕਵਿਤਾਵਾਂ )

**ਕੈਨੇਡਾ ਦੇ ਕਵੀ** ●
ਗੁਰਚਰਨ ਰਾਮਪੁਰੀ
ਗੁਰਮੇਲ ਸਿੰਘ ਰਾਹੀ
ਗਿੱਲ ਮੋਰਾਂਵਾਲੀ
ਸੁਰਿੰਦਰਪਾਲ ਸਿੰਘ ਧੰਜਲ

**ਨਵੀਆਂ ਕਲਮਾਂ** ●
ਸਾਧੂ ਸਿੰਘ ਬਿਲਿੰਗ ( ਦੋ ਕਵਿਤਾਵਾਂ )
ਕਰਨੈਲ ਸਿੰਘ ਮਾਨ ( ਦੋ ਕਵਿਤਾਵਾਂ )
ਭੁਪਿੰਦਰ ਧਾਲੀਵਾਲ ( ਗ਼ਜ਼ਲ )
ਕਿਰਨਜੀਤ ( ਗ਼ਜ਼ਲ )
ਨਵੀਆਂ ਕਲਮਾਂ ਦੇ ਨਾਂ ... ( ਇਕ ਸੁਨੇਹਾ )

**ਕਹਾਣੀਕਾਰ** ●
ਜਸਵੰਤ ਸਿੰਘ ਕੰਵਲ ( ਬੇਹੱਯਾ )
ਅੰਮ੍ਰਿਤਾ ਪ੍ਰੀਤਮ ( ਇਕ ਜੀਵੀ, ਇਕ ਰਤਨੀ, ਇਕ ਸੁਪਨਾ )
ਅਤਰਜੀਤ ( ਜੰਗੂ ਮਜ਼ਬੀ ਦੀ ਕੁੜੀ )
ਫ਼ਕੀਰ ਚੰਦ ਤੁੱਲੀ ( ਨੰਗਾ ਸ਼ਹਿਰ )
ਵਰਿਆਮ ਸਿੰਘ ਸੰਧੂ ( ਕਾਲੀ ਧੁੱਪ )

**ਹਸਦੀਆਂ ਬੁੱਲੀਆਂ** ●
ਦਲੀਪ ਸਿੰਘ ਭੂਪਾਲ ( ਕਵਿਤਾ )
ਭਾਈਆ ਈਸ਼ਰ ਸਿੰਘ ( ਆਪ-ਬੀਤੀ )


---


'ਵਤਨੋਂ ਦੂਰ' ਦਾ ਸੁਨੇਹਾ : ਅੰਦਰ ਦੇਖੋ ( ਸਫ਼ਾ 27 )


'ਵਤਨੋਂ ਦੂਰ' ਦਾ ਅਗਲੇ ਅੰਕ ਤੋਂ ਸ਼ੁਰੂ ਕੀਤਾ ਜਾ ਰਿਹਾ
ਵਿਸ਼ੇਸ਼ ਵਿਅੰਗਮਈ ਫੀਚਰ : "ਛੱਟੀ-ਧੋਚ"

---


ਸਾਲਾਨਾ ਚੰਦਾ :- ਕੈਨੇਡਾ-ਅਮਰੀਕਾ ( ਛੇ ਡਾਲਰ ), ਇੰਗਲੈਂਡ ( ਤਿੰਨ ਪੌਂਡ )
ਛਿਮਾਹੀ ਚੰਦਾ :- ਕੈਨੇਡਾ-ਅਮਰੀਕਾ ( ਤਿੰਨ ਡਾਲਰ ), ਇੰਗਲੈਂਡ ( ਡੇਢ ਪੌਂਡ )

# "ਵਤਨੋਂ ਦੂਰ"

ਜੁਲਾਈ 1973 ਅੰਕ : 1 ਸਾਲ : 1

ਚੀਫ਼ ਐਡੀਟਰ :-
ਸੁਰਿੰਦਰਪਾਲ ਸਿੰਘ ਪੰਜਲ

ਐਡਮਨਿਸਟਰੇਟਿਵ ਐਡੀਟਰ : ਕਰਨੈਲ ਸਿੰਘ ਮਾਨ
ਸਰਕੂਲੇਸ਼ਨ ਐਡੀਟਰ : ਜਸਵਿੰਦਰ ਸਿੰਘ ਭੰਗੂ
ਐਡਵਰਟਾਈਜ਼ਿੰਗ ਐਡੀਟਰ : ਦਲਜੀਤ ਸਿੰਘ ਤੂਰ

ਪ੍ਰਕਾਸ਼ਕ :-
ਤਾਰਾ ਸਿੰਘ ਹੇਅਰ
12551- 89 A-AVE.
SURREY, B.C.

ਚੰਦਾ, ਰਚਨਾਵਾਂ ਤੇ ਇਸ਼ਤਿਹਾਰ
ਭੇਜਣ ਦਾ ਪਤਾ :-

ਚੀਫ਼ ਐਡੀਟਰ 'ਵਤਨੋਂ ਦੂਰ'
7845- 15th STREET
BURNABY-3, B.C.

ਚੰਦਿਆਂ ਦੀ ਦਰ :-

| ਚੰਦਾ | ਕੈਨੇਡਾ ਤੇ ਅਮਰੀਕਾ:- | ਇੰਗਲੈਂਡ:- |
|---|---|---|
| ਸਾਲਾਨਾ ਚੰਦਾ : | ਛੇ ਡਾਲਰ | ਤਿੰਨ ਪੌਂਡ |
| ਛਿਮਾਹੀ ਚੰਦਾ : | ਤਿੰਨ ਡਾਲਰ | ਡੇਢ ਪੌਂਡ |
| ਇੱਕ ਕਾਪੀ : | ਪੰਜਾਹ ਸੈਂਟ | ਪੱਚੀ ਪੈਂਸ |

ਅਗਲੇ ਅੰਕ ਤੋਂ ਸ਼ੁਰੂ ਕੀਤਾ ਜਾ ਰਿਹਾ 'ਵਤਨੋਂ ਦੂਰ' ਦਾ
ਵਿਸ਼ੇਸ਼ ਵਿਅੰਗਮਈ ਫੀਚਰ :-
"ਫੱਟੀ-ਪੋਚ"

## ਐਡੀਟੋਰੀਅਲ

**ਵਤਨ** ਤੋਂ ਇੰਨਾ ਦੂਰ ਬੈਠੇ ਹਾਂ ਕਿ ਪੰਜਾਬ, ਪੰਜਾਬੀ ਤੇ ਪੰਜਾਬੀਅਤ ਪ੍ਰਤੀ ਡੂੰਘਾ ਮੋਹ ਦਿਲ 'ਚ ਹੁੰਦਿਆਂ ਵੀ ਆਪਣੀਆਂ ਭਾਵਨਾਵਾਂ ਦਾ ਭਰਪੂਰ ਪ੍ਰਗਟਾਵਾ ਨਹੀਂ ਕਰ ਸਕਦੇ। ਇਸ ਦੂਰੀ ਨੇ ਸਾਨੂੰ ਸਾਡੇ ਸਾਹਿਤ ਅਤੇ ਸੱਭਿਆਚਾਰ ਨਾਲੋਂ ਤੋੜਕੇ ਇਸ ਫ਼ਾਸਲੇ ਨੂੰ ਹੋਰ ਵੀ ਵਧਾ ਦਿੱਤਾ ਹੈ।

ਕੈਨੇਡਾ ਦਾ ਪੰਜਾਬੀ-ਸਾਹਿਤ ਤੋਂ ਇਹ ਫ਼ਾਸਲਾ ਐਨਾ ਗਹਿਰਾ ਹੋ ਗਿਆ ਹੈ ਕਿ ਪੰਜਾਬ 'ਚੋਂ ਕੁਛ ਸਾਲ ਪਹਿਲਾਂ ਆਏ ਪੰਜਾਬੀ ਦੇ ਕਈ ਪ੍ਰੋਫ਼ੈਸਰਾਂ ਅਤੇ ਲੇਖਕਾਂ ਨੂੰ ਵੀ ਪਿਛਲੇ ਕੁਛ ਸਾਲਾਂ ਦੇ ਪੰਜਾਬੀ-ਸਾਹਿੱਤ ਦੀਆਂ ਅਹਿਮ-ਪ੍ਰਾਪਤੀਆਂ ਦਾ ਪਤਾ ਨਹੀਂ ਅਤੇ ਏਥੇ ਦੇ ਆਮ ਪਾਠਕਾਂ ਲਈ ਪਾਠ-ਪੁਸਤਕਾਂ 'ਚ ਪੜ੍ਹੇ ਗਿਣਵੇਂ ਲੇਖਕ ਹੀ 'ਪੰਜਾਬੀ-ਸਾਹਿੱਤ' ਹਨ।

ਕੋਈ ਛੇ ਮਹੀਨੇ ਤੋਂ ਇਹ ਖ਼ਿਆਲ ਦਿਲ-ਦਿਮਾਗ਼ ਵਿੱਚ ਕਰਵੱਟਾਂ ਲੈਂਦਾ ਰਿਹਾ ਹੈ ਕਿ ਕਿਉਂ ਨਾ ਇਸ ਚੰਦਰੀ-ਦੂਰੀ ਨੂੰ ਘਟਾਉਣ ਲਈ ਪੰਜਾਬੀ ਦਾ ਇੱਕ ਉੱਚ-ਪੱਧਰਾ ਮਾਸਕ-ਪੱਤਰ ਕੈਨੇਡਾ 'ਚੋਂ ਕੱਢਿਆ ਜਾਵੇ ਜਿਸ ਵਿੱਚ ਸਾਹਿੱਤ ਦੀ ਗੱਲ ਹੋਵੇ, ਬੋਲੀ ਦੀ ਗੱਲ ਹੋਵੇ, ਕਲਾ ਦੀ ਗੱਲ ਹੋਵੇ, ਸੱਭਿਆਚਾਰ ਦੀ ਗੱਲ ਹੋਵੇ - ਕੋਈ ਜੀਵਨ ਦੀ, ਕੋਈ ਚਾਨਣ ਦੀ, ਕੋਈ ਮਾਨਵਤਾ ਦੀ ਗੱਲ ਹੋਵੇ।

ਇਸ ਇੱਕੋ-ਇਕ ਮਹੱਤਵ-ਪੂਰਨ ਆਸ਼ੇ ਦੀ ਪੂਰਤੀ ਦੀ ਤੀਬਰ-ਇੱਛਾ ਹੀ '**ਵਤਨੋਂ ਦੂਰ**' ਦੇ ਜਨਮ ਦਾ **ਕਾਰਣ** ਹੈ। ਬਹੁਤ ਹੀ ਆਸ਼ਾ-ਭਰੇ, ਚਾਵਾਂ-ਲੱਦੇ ਅਤੇ ਮਾਣ-ਮੱਤੇ ਪਿਆਰ ਨਾਲ 'ਵਤਨੋਂ ਦੂਰ' ਦਾ **ਪਲੇਠਾ-ਅੰਕ** ਪਾਠਕਾਂ ਦੀ ਝੋਲ ਪਾ ਕੇ ਅੰਤਾਂ ਦੀ ਖ਼ੁਸ਼ੀ ਮਹਿਸੂਸ ਕਰ ਰਿਹਾ ਹਾਂ। ਇਹ ਅੰਕ ਪਿਛਲੇ ਡੇਢ-ਸਾਲ ਵਿੱਚ ਸਦਾ ਲਈ ਵਿਛੜੇ ਪੰਜ ਪੰਜਾਬੀ ਸਾਹਿੱਤਕਾਰਾਂ - ਨਾਨਕ ਸਿੰਘ, ਬਾਵਾ ਬਲਵੰਤ, ਕਵੀ ਵਿਧਾਤਾ ਸਿੰਘ ਤੀਰ, ਬਲਰਾਜ ਸਾਹਨੀ ਅਤੇ ਸ਼ਿਵ ਕੁਮਾਰ ਬਟਾਲਵੀ - ਦੀ ਅਭੁੱਲ-ਯਾਦ ਨੂੰ ਸਮਰਪਿਤ ਹੈ।

ਬਹੁਤ ਹੀ ਪਿਆਰ ਅਤੇ ਸਤਿਕਾਰ ਨਾਲ
ਪੰਜਾਬੀ ਪਿਆਰਿਆਂ ਦਾ -
ਸੁਰਿੰਦਰਪਾਲ ਸਿੰਘ ਪੰਜਲ

# ਸ਼ਿਵ ਕੁਮਾਰ

ਜਨਮ: 8 ਅਕਤੂਬਰ 1937
ਪਿੰਡ: ਬੜਾ ਪਿੰਡ ਲੋਹਟੀਆਂ
ਤਹਿਸੀਲ ਸ਼ਕਰਗੜ੍ਹ
ਜ਼ਿਲਾ ਸਿਆਲਕੋਟ
ਕਾਵਿ-ਸੰਗ੍ਰਹਿ: ਪੀੜਾਂ ਦਾ ਪਰਾਗਾ,
ਲਾਜਵੰਤੀ
ਆਟੇ ਦੀਆਂ ਚਿੜੀਆਂ
ਮੈਨੂੰ ਵਿਦਾ ਕਰੋ
ਬਿਰਹਾ ਤੂੰ ਸੁਲਤਾਨ
ਲੂਣਾ (ਮਹਾਂ-ਕਾਵਿ)
ਮੈਂ ਤੇ ਮੈਂ
ਆਰਤੀ

ਪੰਜਾਬ ਗੌਰਮਿੰਟ ਸਨਮਾਨ: 1964
ਪੰਜਾਬੀ ਫਿਲਮ ਅਵਾਰਡ: 1965
ਸਾਹਿੱਤ ਅਕਾਦਮੀ ਅਵਾਰਡ: 1967
ਸਦੀਵੀ ਵਿਛੋੜਾ: 6 ਮਈ 1973

ਸ਼ਿਵ ਦਾ ਗ਼ਮ, ਉਹਦੇ ਬੋਲ, ਪੰਜਾਬ ਦੀ ਹਿੱਕ ਤੇ ਖਾਈ ਪੁੱਟ ਗਏ ਹਨ। ਇਸ ਦੁਖਾਂਤ ਉੱਤੇ ਪੂਰਨ ਲੇਖਣਾ ਸਮੂਹ ਸਾਹਿਤਕਾਰਾਂ ਦਾ ਫ਼ਰਜ਼ ਹੈ। ਉਹ ਜ਼ਿੰਨਾ ਵੀ ਕਰ ਗਿਆ, ਜਿਵੇਂ ਵੀ ਕਰ ਗਿਆ, ਮਹਾਨ ਹੈ। ਪਰ ਜ਼ਿੰਦਗੀ ਦੇ ਰਾਹ ਦੀ ਮੰਜ਼ਿਲ ਨੇੜੇ ਨਹੀਂ ਆਈ। ਸ਼ਿਵ ਦੀ ਮਹਾਨਤਾ ਨੂੰ ਸਦਾ ਸਲਾਮ! ਪਰ ਕਾਫ਼ਲਾ ਰੁਕ ਨਹੀਂ ਸਕਦਾ, ਵਾਟ ਖੋਟੀ ਹੁੰਦੀ ਹੈ। ਸ਼ਿਵ ਦੇ ਗ਼ਮ ਦੀ ਖ਼ਾਤਰ ਸਾਥੀਓ! ਵਧੀ ਚੱਲੋ।
(ਜਸਵੰਤ ਸਿੰਘ ਕੰਵਲ)



( 1968 ਦਾ ਸ਼ਿਵ ਕੁਮਾਰ )

## 1. ਗ਼ਜ਼ਲ

ਮੈਂ ਅਧੂਰੇ ਗੀਤ ਦੀ ਇਕ ਸਤਰ ਹਾਂ
ਮੈਂ ਅਪੈਰੀ-ਪੈੜ ਦਾ ਇਕ ਸਫ਼ਰ ਹਾਂ

ਇਸ਼ਕ ਨੇ ਜੋ ਕੀਤੀਆਂ ਬਰਬਾਦੀਆਂ
ਮੈਂ ਉਹਨਾਂ ਬਰਬਾਦੀਆਂ ਦੀ ਸਿਖਰ ਹਾਂ

ਮੈਂ ਤੇਟੀ ਮਹਿਫਲ ਦਾ ਬੁਝਿਆ ਇਕ ਚਿਰਾਗ
ਮੈਂ ਤੇਰੇ ਹੋਠਾਂ ਚੋਂ ਕਿਰਿਆ ਜ਼ਿਕਰ ਹਾਂ

ਇਕ ਕੱਲੀ ਮੌਤ ਹੈ ਜਿਸ ਦਾ ਇਲਾਜ
ਚਾਰ ਦਿਨ ਦੀ ਜ਼ਿੰਦਗੀ ਦਾ ਫਿਕਰ ਹਾਂ

ਜਿਸ ਨੇ ਮੈਨੂੰ ਵੇਖ ਕੇ ਨ ਵੇਖਿਆ
ਮੈਂ ਉਹਦੇ ਨੈਣਾ ਦੀ ਗੁੰਗੀ ਨਜ਼ਰ ਹਾਂ

ਮੈਂ ਤਾਂ ਬਸ ਆਪਣਾ ਹੀ ਚਿਹਰਾ ਵੇਖਿਐ
ਮੈਂ ਵੀ ਇਸ ਦੁਨੀਆਂ ਚ ਕੈਸਾ ਬਸ਼ਰ ਹਾਂ

ਕਲ ਕਿਸੇ ਸੁਣਿਆ ਹੈ ਸ਼ਿਵ ਨੂੰ ਕਹਿੰਦਿਆਂ
ਪੀੜ ਲਈ ਹੋਇਆ ਜਹਾਂ ਵਿੱਚ ਨਸ਼ਰ ਹਾਂ।

('ਆਰਤੀ' ਵਿੱਚੋਂ)

## 2. ਮਿਰਚਾਂ ਦੇ ਪੱਤਰ

ਪੁੰਨਿਆਂ ਦੇ ਚੰਨ ਨੂੰ ਕੋਈ ਮੱਸਿਆ
ਕੀਕਣ ਅਰਘ ਚੜ੍ਹਾਏ ਵੇ,
ਕਿਉਂ ਕੋਈ ਡਾਚੀ ਸਾਗਰ ਖ਼ਾਤਰ
ਮਾਰੂ ਥਲ ਛਡ ਜਾਏ ਵੇ।

ਕਰਮਾਂ ਦੀ ਮਹਿੰਦੀ ਦਾ ਸੱਜਣਾ
ਰੰਗ ਕਿਵੇਂ ਦਸ ਚੜ੍ਹਦਾ ਵੇ,
ਜੇ ਕਿਸਮਤ ਮਿਰਚਾਂ ਦੇ ਪੱਤਰ
ਪੀਠ ਤਲੀ ਤੇ ਲਾਏ ਵੇ।

ਗ਼ਮ ਦਾ ਮੋਤੀਆ ਉੱਤਰ ਆਇਆ
ਸਿਦਕ ਮੇਰੇ ਦੀ ਨੈਣੀਂ ਵੇ,
ਪ੍ਰੀਤ-ਨਗਰ ਦਾ ਔਖਾ ਪੈਂਡਾ,
ਜਿੰਦੜੀ ਕਿੰਜ ਮੁਕਾਏ ਵੇ।

ਕਿੱਕਰਾਂ ਦੇ ਫੁੱਲਾਂ ਦੀ ਅੜਿਆ
ਕੌਣ ਕਰੇਂਦੈ ਰਾਖੀ ਵੇ,
ਕਦ ਕੋਈ ਮਾਲੀ ਮਲ੍ਹਿਆਂ ਉੱਤੋਂ,
ਹਰੀਅਲ ਆਣ ਉਡਾਏ ਵੇ।

ਪੀੜਾਂ ਦੇ ਧਰਕੋਨੇ ਖਾ ਖਾ
ਹੋ ਗਏ ਗੀਤ ਕਸੈਲੇ ਵੇ,
ਵਿਚ ਨੜੋਏ ਬੈਠੀ ਜਿੰਦੂ
ਕੀਕਣ ਸੋਹਲੇ ਗਾਏ ਵੇ।

ਪ੍ਰੀਤਾਂ ਦੇ ਗਲ ਛੁਰੀ ਫਿਰੇਂਦੀ
ਵੇਖ ਕੇ ਕਿੰਜ ਕੁਰਲਾਵਾਂ ਵੇ,
ਲੈ ਚਾਂਦੀ ਦੇ ਬਿੰਗ ਕਸਾਈਆਂ
ਮੇਰੇ ਗਲੇ ਫਸਾਏ ਵੇ।

ਤੜਪ ਤੜਪ ਕੇ ਮਰ ਗਈ ਅੜਿਆ
ਮੇਲ ਤੇਰੇ ਦੀ ਹਸਰਤ ਵੇ,
ਐਸੇ ਇਸ਼ਕ ਦੇ ਜ਼ੁਲਮੀ ਰਾਜੇ
ਬਿਰਹੋਂ-ਬਾਣ ਚਲਾਏ ਵੇ।

ਚੁਗ ਚੁਗ ਰੋੜ ਗਲੀ ਤੇਰੀ ਦੇ
ਘੁੰਗਣੀਆਂ ਵੱਤ ਚੱਬ ਲਏ ਵੇ,
ਕੱਠੇ ਕਰ ਕਰ ਕੇ ਮੈਂ ਤੀਲੇ
ਬੁੱਕਲ ਵਿਚ ਧੁਖਾਏ ਵੇ।

ਇਕ ਚੁਲੀ ਵੀ ਪੀ ਨਾ ਸੱਕੀ
ਪਿਆਰ ਦੇ ਨਿੱਤਰੇ ਪਾਣੀ ਵੇ,
ਵਿੰਹਦਿਆਂ ਸਾਰ ਪਏ ਵਿਚ ਪੂਰੇ
ਜਾਂ ਮੈਂ ਹੋਂਠ ਛੁਹਾਏ ਵੇ।

## 3. ਗ਼ਜ਼ਲ

ਜਾਚ ਮੈਨੂੰ ਆ ਗਈ ਗ਼ਮ ਖਾਣ ਦੀ।
ਹੌਲੀ ਹੌਲੀ ਰੋ ਕੇ ਜੀ ਪਰਚਾਣ ਦੀ।
ਚੰਗਾ ਹੋਇਆ ਤੂੰ ਪਰਾਇਆ ਹੋ ਗਿਉਂ,
ਮੁੱਕ ਗਈ ਚਿੰਤਾ ਤੈਨੂੰ ਅਪਨਾਣ ਦੀ।
ਮਰ ਤੇ ਜਾਂ ਪਰ ਡਰ ਹੈ ਦੱਮਾਂ ਵਾਲਿਉ,
ਧਰਤ ਵੀ ਵਿਕਦੀ ਹੈ ਮੁੱਲ ਸ਼ਮਸ਼ਾਨ ਦੀ।
ਨਾ ਦਿਉ ਮੈਨੂੰ ਸਾਹ ਉਧਾਰੇ ਦੋਸਤੋ,
ਲੈ ਕੇ ਮੁੜ ਹਿੰਮਤ ਨਹੀਂ ਪਰਤਾਣ ਦੀ।
ਨਾ ਕਰੋ 'ਸ਼ਿਵ' ਦੀ ਉਦਾਸੀ ਦਾ ਇਲਾਜ,
ਰੋਣ ਦੀ ਮਰਜ਼ੀ ਹੈ ਅਜ ਬੇਈਮਾਨ ਦੀ।

('ਪੀੜਾਂ ਦਾ ਪਰਾਗਾ' ਵਿੱਚੋਂ)

## 4. ਗ਼ਜ਼ਲ

ਮੈਨੂੰ ਤਾਂ ਮੇਰੇ ਦੋਸਤਾ
ਮੇਰੇ ਗ਼ਮ ਨੇ ਮਾਰਿਐ !
ਹੈ ਝੂਠ ਮੇਰੀ ਦੋਸਤੀ,
ਦੇ ਦਮ ਨੇ ਮਾਰਿਐ !

ਮੈਨੂੰ ਤੇ ਜੇਠ ਹਾੜ ਤੇ,
ਕੋਈ ਨਹੀਂ ਗਿਲਾ,
ਮੇਰੇ ਚਮਨ ਨੂੰ ਚੇਤ ਦੀ,
ਸ਼ਬਨਮ ਨੇ ਮਾਰਿਐ !

ਮੱਸਿਆ ਦੀ ਕਾਲੀ ਰਾਤ ਦਾ,
ਕੋਈ ਨਹੀਂ ਕਸੂਰ,
ਸਾਗਰ ਨੂੰ ਉਹਦੀ ਆਪਣੀ,
ਪੂਨਮ ਨੇ ਮਾਰਿਐ !

ਇਹ ਕੌਣ ਹੈ ਜੋ ਮੌਤ ਨੂੰ,
ਬਦਨਾਮ ਕਰ ਰਿਹੈ ?
ਇਨਸਾਨ ਨੂੰ ਇਨਸਾਨ ਦੇ,
ਜਨਮ ਨੇ ਮਾਰਿਐ !

ਚੜ੍ਹਿਆ ਸੀ ਜਿਹੜਾ ਸੂਰਜਾ,
ਡੁੱਬਣਾ ਸੀ ਉਸ ਜ਼ਰੂਰ,
ਕੋਈ ਝੂਠ ਕਹਿ ਰਿਹਾ ਹੈ,
ਕਿ ਪੱਛਮ ਨੇ ਮਾਰਿਐ !

ਮੰਨਿਆ ਕਿ ਮੋਇਆ ਮਿੱਤ੍ਰਾਂ
ਦਾ ਗ਼ਮ ਵੀ ਮਾਰਦੈ;
ਬਹੁਤਾ ਪਰ ਇਸ ਦਿਖਾਵੇ ਦੇ,
ਮਾਤਮ ਨੇ ਮਾਰਿਐ !

ਕਾਤਿਲ ਕੋਈ ਦੁਸ਼ਮਣ ਨਹੀਂ,
ਮੈਂ ਠੀਕ ਆਖਦਾ ਹਾਂ,
'ਸ਼ਿਵ' ਨੂੰ ਤਾਂ ਸ਼ਿਵ' ਦੇ,
ਆਪਣੇ ਮਹਿਰਮ ਨੇ ਮਾਰਿਐ !

('ਲਾਜਵੰਤੀ' 'ਚੋਂ)

## 5. ਲੂਣਾ

ਸਲਵਾਨ ਨਾਲ ਵਿਆਹ ਤੋਂ ਪਿਛੋਂ, ਸਹੁਰੇ-ਘਰ ਟੁਰ ਜਾਣ ਤੋਂ ਪਹਿਲਾਂ ਵਿਉਂਦੜੇ ਕੱਪੜੇ ਪਾਈ ਬੈਠੀ ਲੂਣਾ ਆਪਣੀਆਂ ਸਹੇਲੀਆਂ ਈਰਾ ਤੇ ਮਥਰੀ ਨਾਲ ਇਉਂ ਗੱਲਾਂ ਕਰ ਰਹੀ ਹੈ :-

ਮੈਂ ਅੱਗ ਟੁਰੀ ਪਰਦੇਸ
ਨੀ ਸਈਉ
ਅੱਗ ਟੁਰੀ ਪਰਦੇਸ
ਇਕ ਛਾਤੀ ਮੇਰੀ ਹਾੜ ਤਪੰਦਾ
ਦੂਜੀ ਤਪਦਾ ਜੇਠ
ਨੀ ਮੈਂ ਅੱਗ ਟੁਰੀ,
ਪਰਦੇਸ

ਅੱਗ ਦੀ ਉਮਰੇ
ਹਰ ਅੱਗ ਟੁਰਦੀ
ਜਾ ਬਹਿੰਦੀ ਪਰਦੇਸ
ਹਰ ਅੱਗ ਦੇ, ਬਾਬਲ ਦੇ ਚੁੱਲ੍ਹੇ
ਸਦਾ ਨਾ ਉਸ ਦਾ ਸੇਕ
ਹਰ ਅੱਗ ਦੇ,
ਬਾਬਲ ਦੀ ਜਾਈ
ਟੁਰ ਜਾਏ ਦੂਰ ਹਮੇਸ਼
ਇਹ ਕੀਹ ਅੱਗ ਦੇ ਲੇਖ,
ਨੀ ਸਈਉ
ਇਹ ਕੀਹ ਅੱਗ ਦੇ ਲੇਖ ?

ਹਰ ਘਰ ਦੀ,
ਕੰਜਕ ਦੀ ਆਵੇ
ਜਦ ਵੀ ਅਗਨ-ਵਰੇਸ
ਹਰ ਬਾਬਲ ਦੀ ਨੀਂਦ ਗਵਾਚੇ
ਬਲਦਾ ਵਿਹੜਾ ਵੇਖ
ਹਰ ਬਾਬਲ,
ਵਰ ਢੂੰਡਣ ਜਾਵੇ
ਹਰ ਅਗਨੀ ਦੇ ਮੇਚ
ਹਰ ਅੱਗ ਹੀ, ਛੱਡ ਜਾਵੇ ਸਈਉ
ਹਰ ਬਾਬਲ ਦਾ ਦੇਸ
ਲਾ ਤਲੀਆਂ ਤੇ
ਬਲਦੀ ਮਹਿੰਦੀ
ਪਾ ਕੇ ਅੱਗ ਦਾ ਵੇਸ
ਨੀ ਮੈਂ ਅੱਗ ਟੁਰੀ ਪਰਦੇਸ

ਪਰ ਸਈਉ,
ਮੈਂ ਕੈਸੀ ਅੱਗ ਹਾਂ
ਕੈਸੇ ਮੇਰੇ ਲੇਖ ?
ਇਕ ਤਾਂ ਮੁਖ ਦਾ, ਸੂਰਜ ਬਲਦਾ
ਦੂਜੇ ਥਲ ਪੈਰਾਂ ਦੇ ਹੇਠ
ਤੀਜੇ ਬੈਠੀ,
ਮੱਚਦੀ ਦੇਹ ਦੇ
ਅਗਨ-ਬਿਰਛ ਦੇ ਹੇਠ
ਫਿਰ ਵੀ ਸਈਉ,
ਬੁੱਝਦਾ ਜਾਂਦਾ
ਇਸ ਅਗਨੀ ਦਾ ਸੇਕ
ਜੋ ਬਾਬਲ, ਵਰ ਢੂੰਡ ਲਿਆਇਆ
ਸੋ ਨਾ ਆਇਆ ਮੇਚ
ਨੀ ਮੈਂ ਅੱਗ ਟੁਰੀ,
ਪਰਦੇਸ

(ਮਹਾਂ-ਕਾਵਿ
'ਲੂਣਾ'
ਵਿੱਚੋਂ)

## 6. ਮੈਂ

ਮੈਂ ਹੁਣ ਥਲਾਂ ਵਿਚ ਭਟਕਦਾਂ
ਆਪਣੀ ਹੀ ਛਾਂ ਨੂੰ ਤਰਸਦਾਂ
ਆਪਣੇ ਖ਼ਲਾਅ ਵਿਚ ਲਟਕਦਾਂ

ਮੱਥੇ 'ਚ ਬਸ ਹੁਣ ਰੇਤ ਹੈ
ਨਾ ਰੇਤ 'ਤੇ ਕੋਈ ਪੈੜ ਹੈ
ਨਾ ਪੈੜ ਜੋਗਾ ਸਫ਼ਰ ਹੈ

ਨਾ ਸਫ਼ਰ ਜੋਗਾ ਸਾਥ ਹੈ
ਨਾ ਸਾਥ ਜੋਗਾ ਹਰਫ਼ ਹੈ
ਨਾ ਹਰਫ਼ ਜੋਗਾ ਗੀਤ ਹੈ

ਨਾ ਗੀਤ ਜੋਗੀ ਧੁੱਪ ਹੈ
ਨਾ ਧੁੱਪ ਜੋਗਾ ਰੁੱਖ ਹੈ
ਨਾ ਰੁੱਖ ਜੋਗੀ ਛਾਉਂ ਹੈ

ਇਕ ਸੁੰਞ ਵਰਗਾ ਸ਼ੋਰ ਹੈ
ਜਾਂ ਸ਼ੋਰ ਵਰਗੀ ਚੁੱਪ ਹੈ
ਇਹ ਖ਼ੁਦਕਸ਼ੀ ਦੀ ਰੁੱਤ ਹੈ

('ਮੈਂ ਤੇ ਮੈਂ' 'ਚੋਂ)

## 7.

ਜੋਬਨ ਰੁੱਤੇ ਜੋ ਵੀ ਮਰਦਾ
ਫੁੱਲ ਬਣੇ ਜਾਂ ਤਾਰਾ
ਜੋਬਨ ਰੁੱਤੇ ਆਸ਼ਿਕ ਮਰਦੇ
ਜਾਂ ਕੋਈ ਕਰਮਾਂ ਵਾਲਾ
ਜਾਂ ਉਹ ਮਰਨ
ਕਿ ਜਿਨ੍ਹਾਂ ਲਿਖਾਏ
ਹਿਜਰ ਧੁਰੋਂ ਵਿਚ ਕਰਮਾਂ
ਹਿਜਰ ਤੁਸਾਡਾ ਅਸੀਂ ਮੁਬਾਰਿਕ
ਨਾਲ ਬਹਿਸ਼ਤੀਂ ਖੜਨਾ
ਅਸਾਂ ਤਾਂ ਜੋਬਨ ਰੁੱਤੇ ਮਰਨਾ !

('ਮੈਨੂੰ ਵਿਦਾ ਕਰੋ' ਵਿਚਲੀ
'ਅਸਾਂ ਤੇ ਜੋਬਨ-ਰੁੱਤੇ ਮਰਨ'
ਨਜ਼ਮ ਵਿੱਚੋਂ)

## 8.
## ਗ਼ਜ਼ਲ

ਰੋਗ ਬਣ ਕੇ ਰਹਿ ਗਿਆ ਹੈ
ਪਿਆਰ ਤੇਰੇ ਸ਼ਹਿਰ ਦਾ
ਮੈਂ ਮਸੀਹਾ ਵੇਖਿਆ
ਬੀਮਾਰ ਤੇਰੇ ਸ਼ਹਿਰ ਦਾ ।

ਇਹਦੀਆਂ ਗਲੀਆਂ ਮੇਰੀ
ਚੜ੍ਹਦੀ ਜਵਾਨੀ ਖਾ ਲਈ
ਕਿਉਂ ਕਰਾਂ ਨ ਦੋਸਤਾ
ਸਤਿਕਾਰ ਤੇਰੇ ਸ਼ਹਿਰ ਦਾ ।

ਸ਼ਹਿਰ ਤੇਰੇ ਕਦਰ ਨਹੀਂ
ਲੋਕਾਂ ਨੂੰ ਸੁੱਚੇ ਪਿਆਰ ਦੀ
ਰਾਤ ਨੂੰ ਖੁਲ੍ਹਦਾ ਹੈ ਹਰ
ਬਾਜ਼ਾਰ ਤੇਰੇ ਸ਼ਹਿਰ ਦਾ ।

ਫੇਰ ਮੰਜ਼ਿਲ ਵਾਸਤੇ
ਇਕ ਪੈਰ ਨ ਪੁਟਿਆ ਗਿਆ
ਇਸ ਤਰ੍ਹਾਂ ਕੁਝ ਚੁਭਿਆ
ਕੋਈ ਖਾਰ ਤੇਰੇ ਸ਼ਹਿਰ ਦਾ

ਜਿਥੇ ਮੋਇਆਂ ਬਾਅਦ ਵੀ
ਕਫ਼ਨ ਨਹੀਂ ਹੋਇਆ ਨਸੀਬ
ਕੌਣ ਪਾਗਲ ਹੁਣ ਕਰੇ
ਇਤਬਾਰ ਤੇਰੇ ਸ਼ਹਿਰ ਦਾ ।

ਏਥੇ ਮੇਰੀ ਲਾਸ਼ ਤੱਕ
ਨੀਲਾਮ ਕਰ ਦਿਤੀ ਗਈ
ਲਥਿਆ ਕਰਜ਼ਾ ਨ ਫਿਰ ਵੀ
ਯਾਰ ਤੇਰੇ ਸ਼ਹਿਰ ਦਾ ।

('ਆਰਤੀ' ਵਿੱਚੋਂ)

# ਬਾਵਾ ਬਲਵੰਤ



ਆਪਣੀ ਕਵਿਤਾ ਵਿੱਚ ਮਿਹਨਤ ਨੂੰ ਖੁਦਾ ਦਾ ਦਰਜਾ ਦੇਣ ਵਾਲੇ ਬੇਨਜ਼ੀਰ ਲੋਕ-ਕਵੀ ਸ੍ਰੀ ਬਾਵਾ ਬਲਵੰਤ, ਅਤੀ ਗ਼ਰੀਬ-ਅਵੱਸਥਾ ਵਿੱਚ ਪਿਛਲੇ ਸਾਲ 24 ਜੂਨ 1972 ਨੂੰ ਲੂਅ ਲੱਗ ਜਾਣ ਨਾਲ ਹਮੇਸ਼ਾਂ ਲਈ ਜੁਦਾ ਹੋ ਗਏ।

'ਕਿਸ ਕਿਸ ਤਰ੍ਹਾਂ ਦੇ ਨਾਚ' ਪੁਸਤਕ ਤੋਂ ਬਿਨਾਂ 'ਮਹਾਂ-ਨਾਚ', 'ਜਵਾਲਾ-ਮੁਖੀ', 'ਬੰਦਰਗਾਹ' ਅਤੇ 'ਸੁਗੰਧ ਸਮੀਰ' ਉਹਨਾਂ ਦੇ ਚਿਰੰਜੀਵੀ ਕਾਵਿ-ਸੰਗ੍ਰਹਿ ਹਨ।

ਬਾਵਾ ਜੀ ਦਾ ਜਨਮ 15.8.1915 ਨੂੰ ਹੋਇਆ ਸੀ। ਉਹਨਾਂ ਦੀ ਕਵਿਤਾ ਮਿਹਨਤਕਸ਼ਾਂ ਦੀ ਕਵਿਤਾ ਹੈ; ਸਮਾਜਵਾਦੀ ਅਤੇ ਧਰਮ-ਰੂਪੀ 'ਵਹਿਮ ਦੀ ਸਰਹੱਦ' ਦੀ ਕੱਟੜ-ਦੁਸ਼ਮਣ ਹੈ, ਬਾਗ਼ੀ (ਮਹਾਂ-ਨਾਚ) ਅਤੇ ਫੁੱਲ ਜੋ ਮੁਰਝਾ ਗਏ (ਸੁਗੰਧ ਸਮੀਰ) ਉਹਨਾਂ ਦੀਆਂ ਦੋ ਲੋਕ-ਪ੍ਰਿਯ ਕਵਿਤਾਵਾਂ ਹਨ।

ਅਸੀਂ ਉਸ ਮਹਾਨ ਸਮਾਜਵਾਦੀ ਕਵੀ ਦੀ ਅਤੁੱਲ-ਯਾਦ ਵਿਚ ਸਿਰ ਝੁਕਾਂਦੇ ਹਾਂ ਅਤੇ 'ਸੁਗੰਧ ਸਮੀਰ' ਦੀਆਂ ਪੰਜ ਰਚਨਾਵਾਂ ਪਾਠਕਾਂ ਦੀ ਭੇਟ ਕਰਦੇ ਹਾਂ।

## 1. ਨਵੀਨ ਆਸ

ਬੇ-ਆਸ ਦਿਲਾਂ ਅੰਦਰ ਸ਼ੁਭ ਆਸ ਵਸਾਣੀ ਏ,
ਨ ਬੁਲਬੁਲਾ ਏ ਜੀਵਨ, ਨ ਦੁਨੀਆਂ ਹੀ ਫ਼ਾਨੀ ਏ।
ਇਸ ਫ਼ਲਸਫ਼ੇ ਫ਼ਾਨੀ ਨੂੰ ਘੜਿਆ ਏ ਅਮੀਰੀ ਨੇ,
ਹੈ ਲਾਭ ਅਮੀਰੀ ਨੂੰ ਤੇ ਦੁਨੀਆਂ ਦੀ ਹਾਨੀ ਏ।
ਰਾਜਾਂ ਨੇ, ਗ਼ਰੀਬਾਂ ਦੇ, ਕੁਦਰਤ ਵੀ ਉਲਟ ਆਖੀ;
ਹਰ ਦਿਨ ਜਿਦਾ ਨੂਰੀ ਏ, ਹਰ ਰਾਤ ਸੁਹਾਣੀ ਏ।
ਦੌਲਤ ਹੀ ਦੇ ਕਬਜ਼ੇ ਨੇ ਤਕਦੀਰ ਬਣਾਈ ਏ,
ਇਹ ਚੀਜ਼ ਹੀ ਕਲਪਤ ਹੈ ਬੇ-ਨਾਮ ਨਿਸ਼ਾਨੀ ਏ।
ਦੁਨੀਆਂ ਨੂੰ ਵਸਾਇਆ ਏ ਮਿਹਨਤ ਦੀ ਜਵਾਨੀ ਨੇ,
ਭੁੱਖੀ ਹੀ ਰਹੀ ਮਰਦੀ ਮਿਹਨਤ ਦੀ ਜਵਾਨੀ ਏ।
ਹੁਣ ਜਨਤਾ ਸਿਰ ਚੁੱਕੇ ਕਿਉਂ ਮੁਰਦਾ ਖ਼ਿਆਲਾਂ ਨੂੰ,
ਵਿਗਿਆਨ ਦੇ ਜੁੱਗ ਅੰਦਰ ਕੋਈ ਰਾਜਾ ਨ ਰਾਣੀ ਏ।
ਜੇ ਜਨਮਾਂ ਤੇ ਕਰਮਾਂ ਦੇ ਚੱਕਰਾਂ 'ਚ ਫਸਾ ਰਖੇ,
ਉਹ ਗ਼ਲਤ ਹੈ ਚਾਹੇ ਉਹ ਆਕਾਸ਼ ਦੀ ਬਾਣੀ ਏ।
ਬਦਲੀ ਦੀ ਸਚਾਈ ਤੋਂ ਜੀਵਨ ਦੀਆਂ ਲੋੜਾਂ ਤੋਂ,
ਭੂਕਾਲ ਦੇ ਕਬਜ਼ੇ ਦੀ ਸਫ਼ ਉਲਟਦੀ ਜਾਣੀ ਏ।
ਉੱਚ ਮਿਸਰੀ-ਮਿਨਾਰਾਂ ਤੋਂ ਹਰ ਤਾਜ ਮਹੱਲ ਅੰਦਰ,
ਸੋਨੇ ਦਿਆਂ ਹਰਫ਼ਾਂ ਵਿਚ ਮਿਹਨਤ ਦੀ ਕਹਾਣੀ ਏ।
ਨਾ ਜ਼ਿੰਦਗੀ ਸੁਪਨਾ ਏ, ਨਾ ਦੁਨੀਆਂ ਹੀ ਫ਼ਾਨੀ ਏ,
ਬੇ-ਆਸ ਦਿਲਾਂ ਅੰਦਰ ਇਹ ਆਸ ਵਸਾਣੀ ਏ।

## 2. ਕੋਸ਼ਿਸ਼ 'ਚ ਹਾਂ

ਲੱਕਸ਼ ਦੇ ਵਲ ਜਾਣ ਦੀ ਕੋਸ਼ਿਸ਼ 'ਚ ਹਾਂ,
ਅਸਲਿਆਂ ਨੂੰ ਪਾਣ ਦੀ ਕੋਸ਼ਿਸ਼ 'ਚ ਹਾਂ।
ਹਰ ਪੁਰਾਣੇ ਵਹਿਮ ਤੋਂ ਹੋਵੇਗਾ ਸਾਫ਼,
ਮੈਂ ਨਵੇਂ ਇਨਸਾਨ ਦੀ ਕੋਸ਼ਿਸ਼ 'ਚ ਹਾਂ।
ਜ਼ਿੰਦਗੀ ਦੇ ਪਹਿਲੂਆਂ ਤੇ ਰੋਸ਼ਨੀ
ਰੁੱਖ ਨਵੇਂ ਤੋਂ ਪਾਣ ਦੀ ਕੋਸ਼ਿਸ਼ 'ਚ ਹਾਂ।
ਜਿਸ 'ਚ ਆ ਜਾਏ ਮਨੁੱਖਤਾ ਦਾ ਅਸਰ,
ਐਸੇ ਇਕ ਦੀਵਾਨ ਦੀ ਕੋਸ਼ਿਸ਼ 'ਚ ਹਾਂ।
ਇਸ ਲਈ ਖਾਂਦਾ ਹਾਂ ਦਰ-ਦਰ ਠੋਕਰਾਂ,
ਜ਼ਿੰਦਗੀ ਨੂੰ ਪਾਣ ਦੀ ਕੋਸ਼ਿਸ਼ 'ਚ ਹਾਂ।
ਜਾਣੇ ਕੀ ਨਫ਼ਰਤ ਕਿ ਮੈਂ ਕਿਸ ਦੇ ਲਈ,
ਹੋਰ ਵੀ ਨੁਕਸਾਨ ਦੀ ਕੋਸ਼ਿਸ਼ 'ਚ ਹਾਂ।
ਜਿਸ ਤੋਂ ਜੀਵਨ ਦੀ ਰਹੇ ਕੁਟੀਆ ਅਬਾਦ,
ਐਸੇ ਇਕ ਮਹਿਮਾਨ ਦੀ ਕੋਸ਼ਿਸ਼ 'ਚ ਹਾਂ।
ਹਰ ਸਮੇਂ ਦੇ ਨਾਲ ਵਧਦੀ ਜ਼ਿੰਦਗੀ
ਆਖੇ, "ਨਵ-ਸਾਮਾਨ ਦੀ ਕੋਸ਼ਿਸ਼ 'ਚ ਹਾਂ।"
ਹੁਨਰ ਤੇ ਮਿਹਨਤ ਦੇ ਪੁਤਲੇ ਆਦਮੀ!
ਤੇਰੇ ਸੋਹਲੇ ਗਾਣ ਦੀ ਕੋਸ਼ਿਸ਼ 'ਚ ਹਾਂ।

## 3. ਆਏ ਨ ਆਏ

ਲਗਨ ਦਾ ਜਾਣਕਾਰ ਆਏ ਨਾ ਆਏ,
ਰੁਕਾਂ ਮੈਂ ਕਿਉਂ ਦੁਆਰ ਆਏ ਨ ਆਏ!

ਸ਼ੁਰੂ ਕਰਦਾ ਹਾਂ ਮੌਲਕ ਅਪਣਾ ਨਗ਼ਮਾ,
ਕੋਈ ਲੈ ਕੇ ਸਤਾਰ ਆਏ ਨ ਆਏ!

ਸ਼ਸ਼ੀ ਦੀ ਚਮਕ ਗਲ ਲਹਿਰਾਂ ਨੂੰ ਲਾਏ,
ਕਿਨਾਰੇ ਤੇ ਜਵਾਰ ਆਏ ਨ ਆਏ!

ਚਲੋ ਰੰਗਾਂ-ਸੁਗੰਧਾਂ ਵਿਚ ਨਹਾਈਏ,
ਹਵਾ ਇਹ ਬਾਰ-ਬਾਰ ਆਏ ਨਾ ਆਏ!

ਮਿਲੇ ਖੇੜਾ ਅਨੇਕਾਂ ਦਰਦੀਆਂ ਦਾ,
ਦੁਮੇਲਾਂ ਤੋਂ ਪਿਆਰ ਆਏ ਨ ਆਏ!

ਅਸਾਂ ਹੈ ਵਿਸ਼ਵ-ਰਤਨਾਕਰ 'ਚ ਤਰਨਾ,
ਖ਼ਿਆਲੀ ਪਾਰਾਵਾਰ ਆਏ ਨਾ ਆਏ!

ਕਲਾਧਾਰੀ ਸਵਾਰੀ ਜਾਏ ਦੁਨੀਆਂ,
ਕਦੀ ਉਸ ਤੇ ਬਹਾਰ ਆਏ ਨਾ ਆਏ!

ਅਮਲ ਦੀ ਉਂਗਲੀ ਗਿਣਦੀ ਏ ਤਾਰੇ,
ਨਾ ਹਾਰੇਗੀ, ਸ਼ੁਮਾਰ ਆਏ ਨ ਆਏ!

## 4. ਕਿਸੇ ਦਿਨ

ਦੱਸੇਗਾ ਅਸਰ ਐਸਾ ਮੇਰਾ ਪਿਆਰ ਕਿਸੇ ਦਿਨ,
ਉਹ ਖ਼ੁਸ਼ੀਆਂ ਦੇ ਲੈ ਆਏਗੀ ਉਪਹਾਰ ਕਿਸੇ ਦਿਨ।
ਸੀਮਾ ਤੇ ਦੁਪਹਿਰਾਂ ਨੇ ਸਜਾਏ ਨੇ ਉਜਾਲੇ,
ਨੂਰਾਂ 'ਚ ਨਹਾਏਗਾ ਇਹ ਸੰਸਾਰ ਕਿਸੇ ਦਿਨ।
ਲੜਦਾ ਰਹੇ ਇਕ ਸੇਧ 'ਚ ਮੌਜਾਂ ਦਾ ਮੁਸਾਫ਼ਿਰ,
ਭੰਵਰਾਂ 'ਚੋਂ ਵੀ ਹੋ ਜਾਏਗਾ ਉਹ ਪਾਰ ਕਿਸੇ ਦਿਨ।
ਖ਼ੁਸ਼ਬੂ ਦਾ ਵਧੇ ਜ਼ੋਰ ਤਾਂ ਮਹਿਕੇਗਾ ਜ਼ਮਾਨਾ,
ਢਹਿ ਜਾਏਗੀ ਇਹ ਰੰਗ ਦੀ ਦੀਵਾਰ ਕਿਸੇ ਦਿਨ।
ਤੰਗ ਆਏ ਹੋਏ ਫੁੱਲ, ਸਤਾਈਆਂ ਹੋਈਆਂ ਲਗਰਾਂ,
ਮਾਲੀ ਦੀ ਇਹ ਲਾਹ ਦੇਣਗੇ ਦਸਤਾਰ ਕਿਸੇ ਦਿਨ।
ਆਈ ਹੈ 'ਖਜੂਰਾਂ' 'ਚ 'ਕਪਾਹਾਂ' ਨਵੀਂ ਜਾਨ,
'ਕਾਲੀਨ' ਵੀ ਹੋ ਜਾਣਗੇ ਬੇ-ਦਾਰ ਕਿਸੇ ਦਿਨ।
ਬੇਦਰਦ ਚਿੜੀ-ਮਾਰ ਦੇ ਜਾਲਾਂ 'ਚੋਂ ਨਿਕਲ ਕੇ,
ਇਕ ਹੋਵੇਗਾ ਇਸ ਧਰਤ ਦਾ ਪਰਵਾਰ ਕਿਸੇ ਦਿਨ।

## 5. ਉਸ ਦਾ ਹਾਰ

ਰੋਜ਼ ਉਸ ਦਾ ਹਾਰ ਟੁੱਟ ਜਾਇਆ ਕਰੇ,
ਮੁਸਕਰਾਂਦੀ ਆ ਕੇ ਬਣਵਾਇਆ ਕਰੇ ।
ਮੇਰੇ ਪੁੱਛਣ 'ਤੇ ਕਿ 'ਟੁੱਟਾ ਕਿਸ ਤਰ੍ਹਾਂ ?'
ਪਾ ਕੇ ਵਲ ਗਰਦਨ ਨੂੰ ਸ਼ਰਮਾਇਆ ਕਰੇ ।
ਮੇਰੇ ਸਿਰ ਸਾਇਆ ਕਰੇ ਖ਼ੁਸ਼ਬੂ ਦੀ ਸ਼ਾਖ਼,
ਉਹ, ਜੋ ਉਸ ਦੇ ਮੂੰਹ 'ਤੇ ਲਹਿਰਾਇਆ ਕਰੇ ।
ਆਉਣ ਤੋਂ ਪਹਿਲਾਂ ਭਰੇ ਨਾਜ਼ਕ-ਤੂਨੀਰ,
ਹੋਰ ਵੀ ਨੈਣਾਂ ਨੂੰ ਸੁਰਮਾਇਆ ਕਰੇ ।
'ਜੀ, ਜ਼ਰਾ ਜੋੜੋ ਇਹ ਟੁੱਟਦਾ ਏ ਪਿਆ',
ਮੱਧ ਭਰੇ ਬੋਲਾਂ ਤੋਂ ਨਸ਼ਿਆਇਆ ਕਰੇ ।
ਰੋਜ਼ ਉਸ ਦਾ ਹਾਰ ਟੁੱਟ ਜਾਇਆ ਕਰੇ ।

ਮਖ਼ਮਲੀ ਅੰਗਾਂ ਦੀ ਛੋਹ, ਨਵਨੀਤ-ਕਰ
ਮੇਰਿਆਂ ਹੱਥਾਂ 'ਤੇ ਆ ਸਾਇਆ ਕਰੇ ।
ਰੇਸ਼ਮੀ ਕਾਇਆਂ ਦੀ ਉਜਲੀ ਸਿਫ਼ਤ ਸੁਣ,
ਧਰਤ-ਭੂਸ਼ਨ ਵਲ ਤੇ ਵਲ ਖਾਇਆ ਕਰੇ ।
'ਰੂਪ ਛੀ ਛੱਡੋ ਸੁਗੰਧੀ ਦਾ ਨਸ਼ਾ',
ਪੁਸ਼ਪ-ਕਾਇਆਂ ਆ ਕੇ ਸਮਝਾਇਆ ਕਰੇ ।
ਮਧੁਰ ਸੁਰ ਵਿਚ ਰੋ ਕਦੀ ਬੰਦਸ਼ ਦਾ ਰੋਣ
ਆਪ ਤੜਪੇ, ਮੈਨੂੰ ਤੜਪਾਇਆ ਕਰੇ ।
ਇਕ ਜੁੜੇ ਤੋੜੇ ਲੜੀ ਉਹ ਦੂਸਰੀ,
ਰੋਜ਼ ਉਸ ਦਾ ਹਾਰ ਟੁੱਟ ਜਾਇਆ ਕਰੇ ।
ਮੁਸਕਰਾਂਦੀ ਆ ਕੇ ਬਣਵਾਇਆ ਕਰੇ ।

ਜੇ ਕਲਾ ਦੇ ਰਾਹ ਦੀ ਲੋਅ ਬਣ ਜਾਏ ਉਹ,
ਮੇਰਾ ਮਨ ਕਿਉਂ ਠੋਕਰਾਂ ਖਾਇਆ ਕਰੇ ।
ਕੋਈ ਸੁੰਦਰਤਾ 'ਚੋਂ ਲਭਦਾ ਏ ਕਮਾਲ,
ਕੋਈ ਕਹਿੰਦਾ ਏ ਸਮਾਂ ਜ਼ਾਇਆ ਕਰੇ !
ਹੇ ਮੁਹੱਬਤ ਤੇਰੀ ਮੰਸ਼ਾ ਦੀ ਬਹਾਰ
ਹਿੰਮਤੀ-ਤਲੀਆਂ 'ਤੇ ਉੱਗ ਆਇਆ ਕਰੇ ।
ਇਕ ਉਸਾਰੀ ਦੀ ਲਗਨ ਜੀਵਨ ਦਾ ਚਾਅ,
ਮੇਲ ਉਸ ਦਾ ਅਮਲ ਗਰਮਾਇਆ ਕਰੇ
ਰੋਜ਼ ਉਸ ਦਾ ਹਾਰ ਟੁੱਟ ਜਾਇਆ ਕਰੇ ।

# ਵਿਧਾਤਾ ਸਿੰਘ ਤੀਰ

ਪ੍ਰਸਿੱਧ ਪੰਜਾਬੀ ਕਵੀ ਅਤੇ ਉਸਤਾਦ ਗ਼ਜ਼ਲਕਾਰ 'ਤੀਰ' 14 ਜਨਵਰੀ 1973 ਨੂੰ ਪੰਜਾਬੀ-ਪਿਆਰਿਆਂ ਤੋਂ ਸਦਾ ਲਈ ਵਿੱਛੜ ਗਏ।

ਬਜ਼ੁਰਗ ਕਵੀ ਗੁਰਮੁਖ ਸਿੰਘ ਮੁਸਾਫ਼ਰ ਵੱਲੋਂ ਉਨ੍ਹਾਂ ਦੀ ਯਾਦ 'ਚ ਲਿਖੀ ਰੁਬਾਈ ਕਵੀ 'ਤੀਰ' ਦੀ ਸ਼ਖ਼ਸੀਅਤ ਨਾਲ ਪੂਰਾ ਪੂਰਾ ਨਿਆਂ ਕਰਦੀ ਹੈ:-

ਮਨ ਮੰਨਣ ਤੋਂ ਮੁਨਕਰ ਸੀ, ਪਰ ਮੰਨਣਾ ਪਿਆ ਅਖ਼ੀਰ।
ਕਾਵਿ ਦੇ ਇਕ ਸੋਮੇ ਦਾ ਸੁਕਿਆ, ਵਗਦਾ ਵਗਦਾ ਨੀਰ।
ਸੀਨੇ ਅੰਦਰ ਸਿੱਧਾ ਖੁਭਿਆ, ਦਿਲ ਨੂੰ ਫੜ ਕੇ ਬਹਿ ਗਏ,
ਬਿਧ ਨੇ ਆਪ 'ਵਿਧਾਤਾ' ਹੱਥੋਂ, ਖੋਹ ਕੇ ਛੱਡਿਆ 'ਤੀਰ'।

'ਤੀਰ' ਜੀ ਦਾ ਜਨਮ 15. 8. 1901 ਨੂੰ ਹੋਇਆ। ਮਾਸਕ-ਪੱਤਰ 'ਕਵਿਤਾ' ਅੰਮ੍ਰਿਤਸਰ ਦੇ ਚੀਫ਼-ਐਡੀਟਰ ਦੇ ਰੂਪ ਵਿੱਚ ਪੰਜਾਬੀ ਲੇਖਕਾਂ ਤੇ ਪਾਠਕਾਂ ਨੂੰ ਉਨ੍ਹਾਂ ਦੀ ਦੇਣ ਨਿਰਸੰਦੇਹ ਪ੍ਰਸੰਸਾ ਦੀ ਹੱਕਦਾਰ ਹੈ। 'ਅਣਿਆਲੇ ਤੀਰ' ਉਨ੍ਹਾਂ ਦੀ ਪ੍ਰਸਿੱਧ ਕਾਵਿ-ਰਚਨਾ ਹੈ। ਪੰਜਾਬੀ ਦੇ ਵਿਦਿਆਰਥੀਆਂ ਦੀ ਜ਼ਬਾਨ ਤੇ ਚੜ੍ਹੀ ਉਨ੍ਹਾਂ ਦੀ ਕਵਿਤਾ 'ਪਾਂਡੀ ਪਾਤਸ਼ਾਹ' ਤੀਰ ਨੂੰ ਲੰਬੇ ਸਮੇਂ ਲਈ ਅਭੁੱਲ ਬਣਾਈ ਰੱਖੇਗੀ। ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ 'ਵਤਨੋਂ ਦੂਰ'- ਪੰਜਾਬ, ਪੰਜਾਬੀ ਅਤੇ ਹਿੰਦੁਸਤਾਨ ਪ੍ਰਤੀ ਉਨ੍ਹਾਂ ਦੇ ਡੁਲ੍ਹ ਡੁਲ੍ਹ ਪੈਂਦੇ ਪਿਆਰ ਦੀ ਮਿਸਾਲ ਵਜੋਂ 12 ਮਾਰਚ 1967 ਨੂੰ ਲਿਖੀ ਇਕ ਕਵਿਤਾ ਦਾ ਅੰਤਿਮ ਬੰਦ ਪੇਸ਼ ਕਰ ਰਿਹਾ ਹੈ:

ਮੰਗਾਂ ਰੋਜ਼ ਮੁਰਾਦ ਮੈਂ ਰਬ ਕੋਲੋਂ, ਮੇਰੇ ਦਿਲ ਦਾ ਇਉਂ ਅਰਮਾਨ ਨਿਕਲੇ ।
ਜਿਹੜੇ ਵਤਨ ਵਿਚ ਜਮਿਆ ਪਲਿਆ ਮੈਂ, ਉਸੇ ਵਿਚ ਹੀ ਮੇਰਾ ਬਬਾਨ ਨਿਕਲੇ ।
ਵੱਟਾਂ ਲਖ ਜੇ ਕਰ ਪਿਆਰੇ ਵਤਨ ਖ਼ਾਤਰ, ਮੇਰੀ ਮੌਤ ਆਵੇ ਮੇਰੀ ਜਾਨ ਨਿਕਲੇ ।
ਮੇਰੀ ਮਰੀ ਹੋਈ ਲਾਸ਼ ਦੇ ਮੂੰਹ ਚੋਂ ਵੀ, ਵਾਰ ਵਾਰ ਪਿਆ, ਹਿੰਦਸਤਾਨ ਨਿਕਲੇ ।
ਵਤਨ ਵਾਸੀਉ 'ਤੀਰ' ਨੂੰ ਰਹਿਮ ਕਰਕੇ, ਮਰਨ ਬਾਹਦ ਇਹ ਕੀਮਤੀ ਭੇਟ ਦੇਣਾ—
ਕਹਿ ਕੇ ਮਾਂ ਪੰਜਾਬੀ ਦੀ ਜੈ ਮੂੰਹੋਂ, ਤੀਰ ਕਵੀ ਦੀ ਕਥਾ ਸਮੇਟ ਦੇਣਾਂ ।

## ਵਿਧਾਤਾ ਸਿੰਘ ਤੀਰ ਦੀ ਇੱਕ ਅਮਰ ਕਵਿਤਾ

## "ਮਨੁੱਖਤਾ ਜਿਉਂਦੀ ਰਹੀ"

ਜੀਊਂਦੀ ਰਹੀ ਮਨੁੱਖਤਾ, ਜੀਊਂਦਾ ਰਿਹਾ ਇਨਸਾਨ
ਭਾਵੇਂ ਆਏ ਏਸ ਤੇ ਲਖ ਝਖੜ ਤੂਫ਼ਾਨ
ਮਾਰਨ ਵਾਲੇ ਮਰ ਗਏ ਅਮਰ ਰਹੀ ਇਹ ਜੋਤ
ਮੇਟ ਨਾ ਸਕਿਆ ਜੱਗ ਤੋਂ ਇਹਦਾ ਕੋਈ ਨਿਸ਼ਾਨ ।

ਜੀਊਂਦੀ ਰਹੀ ਮਨੁੱਖਤਾ ਸਹਿ ਸਹਿ ਜ਼ੁਲਮੀ ਤੀਰ
ਹੋਂਦ ਨਾ ਇਹਦੀ ਮਿਟਾ ਸਕੀ ਕੋਈ ਕਹਿਰੀ ਤਦਬੀਰ
ਝਖੜ ਆਏ ਲੰਘ ਗਏ ਲੰਘ ਲੰਘ ਗਏ ਭੂਚਾਲ
ਧੁਰ ਦੀ ਜਗਦੀ ਜੋਤ ਸੀ ਜਗਦੀ ਰਹੀ ਅਖ਼ੀਰ ।

ਜੀਊਂਦੀ ਰਹੀ ਮਨੁੱਖਤਾ ਸੂਲੀ ਤੇ ਮੁਸਕਾ
ਤਵੀਆਂ ਉਤੇ ਲੂਸ ਕੇ ਦੇਗਾਂ ਵਿਚ ਨਹਾ
ਮੁੜ ਮੁੜ ਲੂਹੀ ਪਤਝੜਾਂ ਮੁੜ ਮੁੜ ਪੁੰਗਰੀ ਇਹ
ਨਾ ਸੁਕਣਾ, ਨਾ ਸੁਕਿਆ, ਇਹ ਵਗਦਾ ਦਰਿਆ ।

ਜੀਊਂਦੀ ਰਹੀ ਮਨੁੱਖਤਾ, ਬਣ ਜੀਵਨ ਦੀ ਚਾਹ
ਲੰਮੇ ਲੱਭੇ ਏਸ ਨੂੰ ਸਮਿਆਂ ਨਾਲੋਂ ਸਾਹ
ਮਾਂ ਮੌਤੋਂ ਨਿੱਤ ਜੰਮਦੀ ਜੰਮ ਹੁੰਦੀ ਮੁਖ਼ਿਆਰ
ਮੌਤ ਸਮਾਂ ਵੀ ਏਸ ਦੀ ਰੋਕ ਨਾ ਸਕਿਆ ਰਾਹ ।

ਅੰਤ ਐਟਮੀ ਮੌਤ ਨੇ ਮੰਨਣੀ ਇਸ ਤੋਂ ਹਾਰ
ਆਉਣੀ ਇਸਦੇ ਰੂਪ ਤੇ ਮੁੜਕੇ ਨਵੀਂ ਬਹਾਰ
ਇਹ ਅਮਨਾਂ ਦੀ ਰੁੱਤ ਚੋਂ ਨਵਾਂ ਨਿਖਾਰੇ ਰੂਪ
ਇਹੋ ਕੁਦਰਤ ਚਾਹੁੰਦੀ ਇਹੋ ਚਾਹੇ ਕਰਤਾਰ ।

# ਬਲਰਾਜ ਸਾਹਨੀ

ਪੰਜਾਬ ਅਤੇ ਪੰਜਾਬੀ ਦੇ ਆਸ਼ਕ, ਫ਼ਿਲਮੀ ਦੁਨੀਆਂ ਦੇ ਸ਼੍ਰੋਮਣੀ ਕਲਾਕਾਰ ਸ੍ਰੀ ਬਲਰਾਜ ਸਾਹਨੀ 13 ਅਪ੍ਰੈਲ 1973 ਨੂੰ ਵਿਸਾਖੀ ਵਾਲੇ ਦਿਨ ਸਦਾ ਲਈ ਜੁਦਾ ਹੋ ਗਏ। ਉਹਨਾਂ ਦੀ ਬੱਚੀ ਸ਼ਬਨਮ ਦੀ ਮੌਤ ਦਾ ਗ਼ਮ ਉਹਨਾਂ ਨੂੰ ਅੰਦਰਾਂ ਅੰਦਰੀਂ ਖਾ ਗਿਆ.....

ਉਹ ਇਕ ਲਾਸਾਨੀ ਅਭਿਨੇਤਾ ਅਤੇ ਵਧੀਆ ਇਨਸਾਨ ਹੋਣ ਕਰਕੇ; ਫ਼ਿਲਮ-ਕਲਾ ਅਤੇ ਪੰਜਾਬੀ ਸਾਹਿਤ ਪ੍ਰਤੀ ਉਹਨਾਂ ਦੇ ਉੱਘੇ ਯੋਗਦਾਨ ਕਰਕੇ ਭਾਰਤ ਸਰਕਾਰ ਵੱਲੋਂ 'ਪਦਮ ਸ੍ਰੀ' ਦੀ ਉਪਾਧੀ ਨਾਲ ਅਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ 'ਸਰਵੋਤਮ ਸਾਹਿਤਕਾਰ' ਦੇ ਤੌਰ ਤੇ ਸਨਮਾਨੇ ਗਏ। ਅਸੀਂ ਉਹਨਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਅਗਲੇ ਅੰਕਾਂ ਵਿੱਚ ਉਹਨਾਂ ਦੀਆਂ ਸਾਹਿੱਤਕ-ਕ੍ਰਿਤਾਂ ਨਾਲ ਤੁਹਾਡੀ ਜਾਣ-ਪਛਾਣ ਕਰਵਾਉਣ ਦਾ ਵਾਅਦਾ ਕਰਦੇ ਹਾਂ। ਹੇਠਾਂ ਉਹਨਾਂ ਦੀ ਧਰਮ-ਪਤਨੀ ਵੱਲੋਂ ਉਹਨਾਂ ਦੇ ਨਾਂ ਲਿਖੇ ਖ਼ਤ ਦੀਆਂ ਕੁਝ ਸਤਰਾਂ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। (ਸੰਪਾਦਕ)



[ਬਲਰਾਜ ਸਾਹਨੀ (ਫ਼ਿਲਮ 'ਹਿੰਦੁਸਤਾਨ ਕੀ ਕਸਮ' ਵਿੱਚ)]

## ਪਤਨੀ ਵੱਲੋਂ ਪਤੀ ਦੇ ਨਾਂ

(ਸੰਤੋਸ਼ ਸਾਹਨੀ)

ਮੇਰੇ ਪਿਆਰੇ ਬਲਰਾਜ,

ਮੈਂ ਆਪ ਹੀ ਆਪਣੀ ਜਵਾਨ, ਅੱਖਾਂ ਦੀ ਸੋਹਣੀ, ਪ੍ਰਤਿਭਾਸ਼ਾਲੀ ਧੀ ਸ਼ਬਨਮ, ਜਿਵੇਂ ਕਿਸੇ ਭੁਚਾਲ ਵਿੱਚ ਗੁਆ ਕੇ, ਦਿਲ-ਚੀਰਦਾ, ਡੂੰਘਾ ਜ਼ਖ਼ਮ ਅੰਦਰੋਂ ਅੰਦਰ ਹੀ ਲੁਕੋ ਕੇ ਤੇਰੀ ਮਰਹਮ-ਪੱਟੀ ਕਰਨਾ ਚਾਹੁੰਦੀ ਸਾਂ। ਆਪਣੇ ਪੁੱਤਰ ਦਾ, ਆਪਣੀ ਨਿੱਕੜੀ ਧੀ ਦਾ ਦੁੱਖ-ਦਰਦ ਹੌਲਾ ਕਰਨਾ ਚਾਹੁੰਦੀ ਸਾਂ। ਘਰ ਦੇ ਰਿਸ਼ਤੇ ਦੀ ਟੁੱਟੀ ਮਾਲਾ ਜੋੜ ਕੇ ਫੇਰ ਘਰ ਦਾ ਚਰਖ਼ਾ ਘੁਮਾਉਣਾ ਚਾਹੁੰਦੀ ਸਾਂ।

ਸ਼ਬਨਮ ਦਾ ਵਿਛੋੜਾ ਤੇਰੇ ਲਈ ਪੂਰਬੀ ਪੰਜਾਬ ਤੇ ਪੱਛਮੀ ਪੰਜਾਬ ਦਾ ਵਿਛੋੜਾ ਹੋ ਗਿਆ ਸੀ..... ਤੂੰ ਮੇਰੀ ਬੇੜੀ ਦਾ ਮਲਾਹ, ਡੂੰਘੇ ਸਾਗਰ ਵਿਚ ਤਾਰ, ਸਦਾ ਸਦਾ ਲਈ ਡੁੱਬ ਗਿਆ।...ਤੇਰੀ ਬਿਰਹਣ, ਪਰ ਤੇਰੇ ਵਿਚਾਰਾਂ ਦੀ ਲੀਕ ਉਤੇ ਤੁਰਨ ਦੀ ਅੰਘ ਨਹੀਂ ਖੜੀ-.....

- ਤੇਰੀ ਤੋਸ਼ (ਸਾਹਨੀ)

# ਸਾਜ਼ ਅਤੇ ਆਵਾਜ਼

[ਫ਼ਿਲਮਾਂ ਸਾਡੇ ਸੱਭਿਆਚਾਰ ਦਾ ਇੱਕ ਮਹੱਤਵ-ਪੂਰਣ ਅੰਗ ਹਨ। 'ਸਾਜ਼ ਅਤੇ ਆਵਾਜ਼' ਸਥਾਈ-ਕਾਲਮ ਵਿੱਚ ਅਸੀਂ ਫ਼ਿਲਮ-ਕਲਾ ਬਾਰੇ ਉਸਾਰੂ-ਰਚਨਾਵਾਂ ਪਾਠਕਾਂ ਦੀ ਭੇਟ ਕਰਾਂਗੇ। ਇਸ ਵਾਰ ਸਦਾ ਲਈ ਵਿਛੜੇ ਸ੍ਰੀ ਬਲਰਾਜ ਸਾਹਨੀ ਜੀ ਦਾ ਲੇਖ ਪੇਸ਼ ਕਰ ਰਹੇ ਹਾਂ।
- ਸੰਪਾਦਕ]

## ਕਲਾਕਾਰ ਜਮਾਂਦਰੂ ਹੁੰਦਾ ਹੈ ਜਾਂ ਬਣਦਾ ਹੈ?

ਸਾਡੇ ਵਿਚੋਂ ਕਿਸੇ ਵੀ ਕਲਾਕਾਰ ਨੂੰ ਇਹ ਦਾਵਾ ਕਰਨ ਦਾ ਹੱਕ ਨਹੀਂ ਹੈ ਕਿ ਉਹ ਇੱਕ ਅਦੁੱਤੀ ਮਨੁੱਖ ਹੈ, ਅਤੇ ਰੱਬ ਨੇ ਉਸ ਨੂੰ ਖ਼ਾਸ ਵਰਦਾਨ ਦੇ ਕੇ ਇਸ ਧਰਤੀ ਤੇ ਭੇਜਿਆ ਹੈ। ਉਸ ਨੂੰ ਸਿਰਫ਼ ਏਨਾਂ ਹੀ ਕਹਿਣ ਦਾ ਹੱਕ ਹੈ ਕਿ ਉਸਦੀ ਕਿਸਮਤ ਚੰਗੀ ਹੈ ਕਿ ਉਸ ਨੂੰ ਅਭੀਵਿਅਕਤੀ ਦੇ ਮੌਕੇ ਮਿਲੇ ਹਨ, ਜੋ ਸਾਡੇ ਦੇਸ਼ ਵਿਚ ਹਰ ਕਿਸੇ ਨੂੰ ਨਹੀਂ ਮਿਲਦੇ।

"ਕਲਾਕਾਰ ਪੈਦਾ ਹੁੰਦਾ ਹੈ, ਬਣਾਇਆ ਨਹੀਂ ਜਾਂਦਾ," ਇਹ ਸਿਧਾਂਤ ਪੇਸ਼ ਕਰਨ ਦਾ ਮਤਲਬ, ਕੁਝ ਗਿਣੇ-ਮਿਣੇ ਮਨੁੱਖਾਂ ਨੂੰ ਸਾਧਾਰਨ ਮਨੁੱਖਾਂ ਤੋਂ ਉੱਚਾ ਹੋਣ ਦਾ ਅਧਿਕਾਰ ਦੇਣਾ ਹੈ, ਜਿਸ ਤਰ੍ਹਾਂ ਕਿ ਹਿਟਲਰ ਨੇ ਆਰੀਆ ਜ਼ਾਤੀ ਨੂੰ ਕਾਲੀ ਅਤੇ ਪੀਲੀ ਜ਼ਾਤੀਆਂ ਨਾਲੋਂ ਉੱਚਾ ਹੋਣ ਦਾ ਅਧਿਕਾਰ ਦਿੱਤਾ ਸੀ। ਕੋਈ ਵੀ ਸੱਚਾ ਲੋਕਵਾਦੀ ਕਲਾਕਾਰ ਇਸ ਸਿਧਾਂਤ ਨੂੰ ਸਵੀਕਾਰ ਨਹੀਂ ਕਰ ਸਕਦਾ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਸੰਸਾਰ ਵਿਚ ਹਰ ਇੱਕ ਵਿਅਕਤੀ ਅਭਿਨੇਤਾ ਬਣ ਸਕਦਾ ਹੈ?

ਇਹ ਬਹੁਤ ਹੀ ਮੁਸ਼ਕਲ ਸਵਾਲ ਹੈ, ਅਤੇ ਇਸ ਦਾ ਜਵਾਬ ਵਿਸਥਾਰ ਸਹਿਤ ਦਿੱਤਾ ਜਾ ਸਕਦਾ ਹੈ। ਇੱਥੇ ਮੈਂ ਸਿਰਫ਼ ਇਹੀ ਕਹੂੰਗਾ ਕਿ ਜਿਸ ਹੱਦ ਤਕ ਹਰ ਆਦਮੀ ਸਿਖਿਆ ਪ੍ਰਾਪਤ ਕਰਕੇ ਇੰਜੀਨੀਅਰ ਬਣ ਸਕਦਾ ਹੈ, ਸਰਜਨ ਜਾਂ ਹਵਾਈ ਜਹਾਜ਼ ਦਾ ਪਾਇਲਟ ਬਣ ਸਕਦਾ ਹੈ, ਉਸੇ ਹੱਦ ਤਕ ਉਹ ਅਭਿਨੇਤਾ, ਕਵੀ ਜਾਂ ਚਿਤ੍ਰਕਾਰ ਵੀ ਬਣ ਸਕਦਾ ਹੈ। ਹਾਂ, ਇਹ ਗੱਲ ਉਹਦੀ ਰੁਚੀ, ਮਿਹਨਤ, ਲਗਨ ਅਤੇ ਉਨ੍ਹਾਂ ਪਰਿਸਥਿੱਤੀਆਂ ਤੇ ਨਿਰਭਰ ਹੈ ਜੋ ਇਨ੍ਹਾਂ ਕਲਾਵਾਂ ਦੇ ਪਰਵਾਨ ਚੜ੍ਹਣ ਲਈ ਜ਼ਰੂਰੀ ਹਨ। ਅੱਜ ਕੱਲ ਅਜਿਹੀਆਂ ਪਰਿ-ਸਥਿੱਤੀਆਂ ਹਨ ਕਿ ਕੋਈ ਬਣਨਾ ਤਾਂ ਕਵੀ ਚਾਹੁੰਦਾ ਹੈ, ਪਰ ਉਹਨੂੰ ਬਣਨਾ ਪੈਂਦਾ ਹੈ ਇੰਜੀਨੀਅਰ। ਅਤੇ ਜੋ ਇੰਜੀਨੀਅਰ ਬਣਨਾ ਚਾਹੁੰਦਾ ਹੈ, ਉਹਨੂੰ ਕੁੱਝ ਹੋਰ ਬਣਨਾ ਪੈਂਦਾ ਹੈ। ਅਜਿਹੀਆਂ ਪਰਿਸਥਿਤੀਆਂ ਵਿਚ ਅਸੀਂ ਕਿਵੇਂ ਜਾਣ ਸਕਦੇ ਹਾਂ ਕਿ ਅਸੀਂ ਜੋ ਕੰਮ ਕਰ ਰਹੇ ਹਾਂ, ਉਸੇ ਲਈ ਪੈਦਾ ਹੋਏ ਹਾਂ। ਜੇਕਰ ਸਮਾਜਿਕ ਪਰਿਸਥਿੱਤੀਆਂ ਅਨੁਕੂਲ

ਹੋਣ, ਤਾਂ ਦਾਵੇ ਨਾਲ ਕਿਹਾ ਜਾ ਸਕਦਾ ਹੈ ਕਿ ਜੋ ਵਿਅਕਤੀ ਅਭਿਨੈ-ਕਲਾ ਸਿੱਖਣਾ ਚਾਹੁੰਦਾ ਹੈ, ਉਹ ਉਹਨੂੰ ਸਿੱਖ ਸਕਦਾ ਹੈ। ਲੇਕਿਨ ਇਹਦਾ ਇਹ ਮਤਲਬ ਨਹੀਂ ਕਿ ਹਰ ਇੱਕ ਵਿਅਕਤੀ ਅਭਿਨੇਤਾ ਬਣਨਾ ਹੀ ਪਸੰਦ ਕਰੇਗਾ। ਜਾਂ ਸਾਰੇ ਹੀ ਅਭਿਨੇਤਾਵਾਂ ਵਿਚ ਇੱਕ ਜਿਹੀ ਨਿਪੁੰਨਤਾ ਆ ਜਾਵੇਗੀ। ਨਾ ਸਾਰੇ ਕਵੀ ਇੱਕੋ ਪੱਧਰ ਦੇ ਹੋ ਸਕਦੇ ਹਨ, ਨਾ ਸਾਰੇ ਡਾਕਟਰ ਅਤੇ ਨਾ ਹੀ ਅਭਿਨੇਤਾ।

ਜਦੋਂ ਸਾਡਾ ਸਮਾਜਿਕ ਢਾਂਚਾ ਸੱਤੇ ਨਿਆਂ ਅਤੇ ਬਰਾਬਰੀ ਦੀਆਂ ਬੁਨਿਆਦਾਂ ਤੇ ਖੜਾ ਹੋਵੇਗਾ, ਤਾਂ ਮਨੁੱਖ ਦੇ ਹਰ ਕੰਮ ਦੀ ਇੱਕੋ ਜਿਹੀ ਇੱਜ਼ਤ ਹੋਵੇਗੀ। ਫਿਰ ਹਰ ਕੰਮ ਕਲਾ-ਤਮਕ ਢੰਗ ਨਾਲ ਕਰਨ ਦੀ ਲਾਲਸਾ ਪੈਦਾ ਹੋਵੇਗੀ, ਅਤੇ ਕੋਈ ਆਪਣੇ ਆਪ ਨੂੰ ਜਮਾਂਦਰੂ ਛੋਟਾ ਜਾਂ ਵੱਡਾ ਨਹੀਂ ਸਮਝੇਗਾ।

ਸੋ, ਮੇਰੇ ਖ਼ਿਆਲ ਵਿਚ, ਜੇ ਅਸੀਂ ਚਾਹੁੰਦੇ ਹਾਂ ਕਿ ਸਾਡੇ ਦੇਸ਼ ਵਿਚ ਨਾਟਕ-ਕਲਾ ਫਿਰ ਤੋਂ ਜਾਗ੍ਰਿਤ ਹੋਵੇ, ਤਾਂ ਪਹਿਲਾਂ ਇਸ ਗਲਤ ਧਾਰਣਾ ਦਾ ਪੂਰਨ ਤੌਰ ਤੇ ਖੰਡਨ ਕਰਨਾ ਪਵੇਗਾ, ਕਿ ਕਲਾਕਾਰ ਜਮਾਂਦਰੂ ਕਲਾਕਾਰ ਹੁੰਦਾ ਹੈ। ਸੱਚ ਤਾਂ ਇਹ ਹੈ ਕਿ ਕਲਾਕਾਰ ਪੈਦਾ ਵੀ ਹੁੰਦਾ ਹੈ, ਅਤੇ ਬਣਾਇਆ ਵੀ ਜਾਂਦਾ ਹੈ।

ਨਾਟਕ-ਕਲਾ ਇੱਕ ਸਮੂਹਿਕ ਕਲਾ ਹੈ। ਕੇਵਲ ਇੱਕ ਵਿਅਕਤੀ ਨਾਟਕ ਨਹੀਂ ਖੇਡ ਸਕਦਾ। ਨਾਟਕ ਖੇਡਣ ਦੇ ਲਈ ਕਾਫ਼ੀ ਵੱਡੀ ਵਿਵਸਥਾ ਦੀ ਜ਼ਰੂਰਤ ਹੁੰਦੀ ਹੈ। ਇਸ ਵਿਵਸਥਾ ਵਿਚ ਹਰ ਇੱਕ ਵਿਅਕਤੀ ਨੂੰ ਕਾਫ਼ੀ ਹੱਦ ਤਕ ਆਪਣੇ ਵਹਿਮ ਨੂੰ ਤਿਆਗਣਾ ਪੈਂਦਾ ਹੈ, ਅਤੇ ਅਨੁਸ਼ਾਸ਼ਨ ਸਵੀਕਾਰ ਕਰਨਾ ਪੈਂਦਾ ਹੈ। ਜੇ ਹਰ ਇੱਕ ਵਿਅਕਤੀ ਆਪਣੇ ਆਪ ਨੂੰ ਹੋਰਾਂ ਤੋਂ ਉੱਚਾ, ਪ੍ਰਤਿਭਾਸ਼ਾਲੀ ਅਤੇ ਜਮਾਂਦਰੂ ਕਲਾਕਾਰ ਸਮਝਣ ਲੱਗ ਪਵੇ ਤਾਂ ਨਾਟਕ-ਮੰਡਲੀ ਕਦੇ ਵੀ ਸਫ਼ਲ ਨਹੀਂ ਹੋ ਸਕਦੀ।

ਮੈਨੂੰ ਕਈ ਨਾਟਕ ਮੰਡਲੀਆਂ ਦਾ ਤਜਰਬਾ ਹੈ ਅਤੇ ਮੈਂ ਪੂਰਨ ਵਿਸ਼ਵਾਸ਼ ਨਾਲ ਕਹਿ ਸਕਦਾ ਹਾਂ ਕਿ ਇਹਨਾਂ ਮੰਡਲੀਆਂ ਦੇ ਵਿਕਾਸ ਦੇ ਰਾਹ ਵਿੱਚ ਜਮਾਂਦਰੂ ਕਲਾਕਾਰ ਹੋਣ ਦਾ ਸਿਧਾਂਤ ਬਹੁਤ ਵੱਡੀ ਰੋਕ ਹੈ।

ਆਮ ਦੇਖਿਆ ਜਾਂਦਾ ਹੈ ਕਿ ਇਹਨਾਂ ਨਾਟਕ ਮੰਡਲੀਆਂ ਦੇ ਲੋਕਾਂ ਨੂੰ ਰੰਗਮੰਚ ਤੇ ਕੰਮ ਕਰਨ ਦਾ ਸ਼ੌਕ ਤਾਂ ਬਹੁਤ ਹੁੰਦਾ ਹੈ, ਪਰ ਰੰਗਮੰਚ ਦੇ ਪਿੱਛੇ ਹੋਣ ਵਾਲੇ ਕੰਮਾਂ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ। ਉਨ੍ਹਾਂ ਕੰਮਾਂ ਨੂੰ ਉਹ ਘਟੀਆ ਸਮਝਦੇ ਹਨ ਅਤੇ ਆਪਣੇ ਅਭਿਨੈ ਨੂੰ ਹੀ ਨਾਟਕ ਦੀ ਸਫ਼ਲਤਾ ਦਾ ਕਾਰਨ ਮੰਨਦੇ ਹਨ।

ਨਾਟਕ ਦੇਖਣ ਵਾਲੇ ਜਾਣਦੇ ਹਨ ਕਿ ਨਿਸ਼ਚਿਤ ਸਮੇਂ ਤੇ ਪਰਦੇ ਦਾ ਗਿਰਨਾ ਤੇ ਉੱਠਣਾ ਨਾਟਕ ਲਈ ਕਿੰਨਾ ਮਹੱਤਵ-ਪੂਰਣ ਹੁੰਦਾ ਹੈ। ਕਈ ਵਾਰੀ ਕੁੱਝ ਸਕਿੰਟ ਪਰਦੇ ਦੇ ਪਹਿਲਾਂ ਗਿਰਨ ਜਾਂ ਬਾਦ ਵਿਚ ਗਿਰਨ ਨਾਲ ਸਾਰਾ ਦ੍ਰਿਸ਼ ਖ਼ਰਾਬ ਹੋ ਜਾਂਦਾ ਹੈ। ਵਾਸ-ਤਵ ਵਿੱਚ, ਅਭਿਨੇਤਾਵਾਂ ਦੀ ਤਰ੍ਹਾਂ ਪਰਦਾ ਵੀ ਇੱਕ ਅਭਿਨੇਤਾ ਹੈ, ਜਿਸ ਦੀ ਵਾਗ ਡੋਰ ਅਦਿੱਖ ਕਲਾਕਾਰ ਦੇ ਹੱਥ ਵਿਚ ਹੁੰਦੀ ਹੈ। ਪਰ ਨਾਟਕ-ਮੰਡਲੀਆਂ ਵਿਚ ਸ਼ਾਇਦ ਹੀ ਕੋਈ ਅਜਿਹਾ ਵਿਅਕਤੀ ਹੋਵੇਗਾ ਜੋ ਪਰਦਾ ਲਾਉਣ, ਗੇਰਨ ਜਾਂ ਉਠਾਣ ਦੀ ਕਲਾ ਸਿੱਖਣਾ ਚਾਹੁੰਦਾ ਹੋਵੇ। ਹਾਂ, ਕਿਸੇ ਨਾ ਕਿਸੇ ਪਾਤਰ ਦੀ ਭੂਮਿਕਾ ਕਰਨ ਲਈ ਹਰ ਕੋਈ ਯਤਨ ਕਰਦਾ ਹੈ। ਮੈਨੂੰ ਜ਼ਰੂਰ ਪਾਰਟ ਦਿਓ, ਮੈਨੂੰ ਤਾਂ ਬਚਪਨ ਤੋਂ ਹੀ ਐਕਟਿੰਗ ਦਾ ਸ਼ੌਕ ਹੈ, ਇਹ ਸ਼ਬਦ ਆਮ ਤੌਰ ਤੇ ਸੁਣਨ ਵਿਚ ਆਉਂਦੇ ਹਨ।

ਜਦੋਂ ਕੋਈ ਵਿਅਕਤੀ ਆਪਣੇ ਆਪ ਨੂੰ ਜਮਾਂਦਰੂ ਕਲਾਕਾਰ ਸਮਝ ਲੈਂਦਾ ਹੈ, ਤਾਂ ਉਹਦੇ ਅੰਦਰ ਸਥਿਰਤਾ ਆ ਜਾਂਦੀ ਹੈ। ਉਹ ਆਪਣੀਆਂ ਕਮਜ਼ੋਰੀਆਂ ਵੱਲ ਧਿਆਨ ਨਹੀਂ ਦਿੰਦਾ ਅਤੇ ਹਰ ਵਕਤ ਆਪਣੀਆ ਖ਼ੂਬੀਆਂ ਹੀ ਦੇਖਦਾ ਰਹਿੰਦਾ ਹੈ। ਉਹ ਆਪਣੀ ਆਲੋਚਨਾ ਨਾ ਖ਼ੁਦ ਕਰ ਸਕਦਾ ਹੈ, ਅਤੇ ਨਾ ਹੀ ਕਿਸੇ ਦੂਜੇ ਦੇ ਮੂੰਹੋਂ ਸੁਣ ਸਕਦਾ ਹੈ। ਜੇ ਦਰਸ਼ਕਾਂ ਨੂੰ ਉਸਦਾ ਕੰਮ ਪਸੰਦ ਨਾ ਆਵੇ ਤਾਂ ਉਹ ਕਹਿੰਦਾ ਹੈ,"ਮੇਰੀ ਕਲਾ ਨੂੰ ਸਮਝਣ ਤੇ ਪਰਖ਼ਣ ਦੀ ਯੋਗਤਾ ਲੋਕਾਂ ਵਿਚ ਅਜੇ ਪੈਦਾ ਨਹੀਂ ਹੋਈ। ਅਸਲ ਵਿਚ ਮਹਾਨ ਕਲਾ-ਕਾਰਾਂ ਨੂੰ ਅਕਸਰ ਉਨ੍ਹਾਂ ਦੀ ਮੌਤ ਤੋਂ ਬਾਦ ਹੀ ਜਾਣਿਆ ਜਾਂਦਾ ਹੈ।" ਜੇ ਉਹਦੇ ਸਾਥੀ ਉਸਦੀ ਅਲੋਚਨਾ ਕਰਨ ਤਾਂ ਉਹ ਕਹਿੰਦਾ ਹੈ, "ਉਹ ਮੇਰੇ ਨਾਲ ਈਰਖਾ ਕਰਦੇ ਹਨ।" ਜੇ ਉਹਨੂੰ ਰੀਹਰਸਲਾਂ ਤੇ ਵਕਤ ਸਿਰ ਨਾ ਪੁੱਜਣ ਦੇ ਵਾਰੇ ਕਿਹਾ ਜਾਵੇ, ਤਾਂ ਉਹ ਕਹਿੰਦਾ ਹੈ, "ਛੱਡੋ, ਇਹਨਾਂ ਰੀਹਰਸਲਾਂ 'ਚ ਕੀ ਪਿਆ ਹੈ ? ਐਕਟਿੰਗ ਹੁੰਦੀ ਹੈ ਇਨਸਪੀਰੇਸ਼ਨ (ਪ੍ਰੇਰਣਾ) ਦੇ ਨਾਲ।"

ਪ੍ਰੇਰਣ ਜਮਾਂਦਰੂ ਕਲਾਕਾਰ ਨੂੰ ਕਿੱਥੋਂ ਮਿਲਦੀ ਹੈ ? ਇਹ ਉਹਨੂੰ ਪਤਾ ਨਹੀਂ,ਅਤੇ ਨਾ ਹੀ ਉਹ ਪਤਾ ਕਰਨਾ ਚਾਹੁੰਦਾ ਹੈ। ਉਹ ਸਮਝਦਾ ਹੈ ਕਿ ਜਿਵੇਂ ਕਲਾ ਉਹਨੂੰ ਮਾਂ ਦੇ ਦੁੱਧ ਨਾਲ ਹੀ ਮਿਲ ਗਈ, ਉਵੇਂ ਪ੍ਰੇਰਣਾ ਵੀ ਕਿਸੇ ਸੱਤਵੇਂ ਅਕਾਸ਼ੋਂ ਮਿਲ ਜਾਵੇਗੀ। ਪ੍ਰੇਰਣਾ ਨਾ ਹੋਈ, ਅਕਾਸ਼ਬਾਣੀ ਹੋ ਗਈ। ਅਤੇ ਜੇ ਕਦੇ ਪ੍ਰੇਰਣਾ ਕਿਤੇ ਅਟਕ ਗਈ, ਤਾਂ ਆਪਣੇ ਆਪ ਨੂੰ "ਜੀਨੀਅਸ" ਸਮਝਣ ਵਾਲਾ ਉਹ ਜਮਾਂਦਰੂ ਕਲਾਕਾਰ ਉਹਨੂੰ ਸ਼ਰਾਬ ਦੇ ਜਾਮ ਪੀ ਕੇ ਬੁਲਾਉਣ ਦੀ ਕੋਸ਼ਿਸ਼ ਕਰਦਾ ਹੈ, ਅਤੇ ਜੇ ਉਹ ਜੀਨੀਅਸ ਪ੍ਰਗਤੀਸ਼ੀਲ ਵਿਚਾਰਾਂ ਦਾ ਵਿਅਕਤੀ ਹੈ, ਤਾਂ ਸ਼ਰਾਬ ਦੇ ਜਾਮ "ਇਨਕਲਾਬ" ਦੀ ਕਲਪਨਾ ਕਰਕੇ ਪ੍ਰੇਰਣਾ ਨੂੰ ਬੁਲਾਉਂਦਾ ਹੈ। ਪਰ ਇਹ ਸਾਧਨ ਪ੍ਰੇਰਣਾ ਨੂੰ ਦੂਰ ਭਜਾਉਣ ਦੇ ਹਨ, ਨੇੜੇ ਲਿਆਉਣ ਦੇ ਨਹੀਂ। ਅਸਲੀ ਸਾਧਨ ਅਪਣੇ "ਜੀਨੀਅਸਪਣ" ਦਾ ਤਿਆਗ ਕਰਨਾ, ਅਤੇ ਪੂਰੀ ਲਗਨ ਤੇ ਨਿਮਰਤਾ ਦੇ ਨਾਲ ਕਲਾ ਨੂੰ ਸਿੱਖਣਾ ਹੈ।

ਬਲਰਾਜ ਸਾਹਨੀ ਦੀਆਂ
ਰਚਨਾਵਾਂ

ਗ਼ੈਰ ਜਜ਼ਬਾਤੀ ਡਾਇਰੀ
ਮੇਰਾ ਪਾਕਿਸਤਾਨੀ ਸਫ਼ਰਨਾਮਾ
ਮੇਰਾ ਰੂਸੀ ਸਫ਼ਰਨਾਮਾ



# ਨਾਨਕ ਸਿੰਘ

ਪੰਜਾਬੀ ਦੇ ਮੋਢੀ ਨਾਵਲਕਾਰ ਅਤੇ ਕਹਾਣੀ ਲੇਖਕ ਸ੍ਰ: ਨਾਨਕ ਸਿੰਘ 28 ਦਸੰਬਰ 1971 ਨੂੰ ਪੰਜਾਬੀ ਪਿਆਰਿਆਂ ਨੂੰ ਸਦੀਵੀ ਵਿਛੋੜਾ ਦੇ ਗਏ ਸਨ।

ਉਨ੍ਹਾਂ ਨੇ ਲੱਗ-ਭੱਗ 55 ਪੁਸਤਕਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ। ਉਨ੍ਹਾਂ ਦੇ ਤਿੰਨ ਲੋਕ-ਪ੍ਰਿਯ ਨਾਵਲ ਹਨ: ਪਵਿੱਤਰ ਪਾਪੀ, ਚਿੱਟਾ ਲਹੂ; ਇਕ ਮਿਆਨ ਦੋ ਤਲਵਾਰਾਂ

'ਪਵਿੱਤਰ ਪਾਪੀ' ਨਾਵਲ ਤੇ ਫਿਲਮ ਬਣੀ, 'ਚਿੱਟਾ ਲਹੂ' 1971 ਵਿੱਚ ਪੰਜਾਹ ਹਜ਼ਾਰ ਦੀ ਗਿਣਤੀ ਵਿੱਚ ਰੂਸ ਵਿੱਚ ਅਨੁਵਾਦ ਹੋਕੇ ਛਪਿਆ ਅਤੇ ਉਨ੍ਹਾਂ ਦੇ ਨਾਵਲ 'ਇਕ ਮਿਆਨ ਦੋ ਤਲਵਾਰਾਂ' ਨੂੰ ਸਾਹਿਤ-ਅਕਾਦਮੀ ਪੁਰਸਕਾਰ ਦੇ ਨਾਲ ਨਾਲ ਸਾਰੀਆਂ ਭਾਰਤੀ ਬੋਲੀਆਂ ਵਿਚ ਅਨੁਵਾਦਤ ਹੋਣ ਦਾ ਮਾਣ ਮਿਲਿਆ

ਉਨ੍ਹਾਂ ਨੂੰ ਸਭ ਤੋਂ ਬਹੁਤਾ ਸਤਿਕਾਰ ਯੋਗ ਬਣਾਉਣ ਵਾਲਾ ਉਨ੍ਹਾਂ ਦਾ ਕਦਮ ਏਹ ਸੀ ਕਿ ਉਨ੍ਹਾਂ ਨੇ ਪੰਜਾਬੀ ਨਾਵਲ ਨੂੰ ਧਾਰਮਿਕ ਅਸਰਾਂ ਤੋਂ ਮੁਕਤ ਕਰਕੇ ਸਮਾਜਕ ਯਥਾਰਥਵਾਦੀ ਕਲਾਤਮਕ ਰਾਹ ਤੇ ਤੋਰਿਆ।

'ਏਤਨੋਂ ਦੂਰ' ਪੰਜਾਬੀ ਨਾਵਲ ਦੇ ਪਿਤਾ ਨਾਨਕ ਸਿੰਘ ਨੂੰ ਸ਼ਰਧਾਂਜਲੀ ਅਰਪਣ ਕਰਦਾ ਹੈ ਅਤੇ ਉਨ੍ਹਾਂ ਦੇ ਨਾਵਲ 'ਦੂਰ ਕਿਨਾਰਾ' ਦਾ ਇਕ ਕਾਂਡ ਪਾਠਕਾਂ ਦੀ ਨਜ਼ਰ ਕਰ ਰਿਹਾ ਹੈ।

○○○○○

'ਇਸ ਅੰਕ ਦਾ ਨਾਵਲ' 'ਏਤਨੋਂ ਦੂਰ' ਦਾ ਇਕ ਸਥਾਈ-ਕਾਲਮ ਹੋਵੇਗਾ, ਜਿਸ ਵਿਚ ਪੰਜਾਬੀ ਦੇ ਨਵੇਂ ਅਤੇ ਪੁਰਾਣੇ ਨਾਵਲਕਾਰਾਂ ਦੇ ਨਾਵਲਾਂ ਦੇ ਸਿਖਰ-ਕਾਂਡ (CLIMAX-CHAPTER) ਪਾਠਕਾਂ ਨਾਲ ਸਾਂਝੇ ਕੀਤੇ ਜਾਣਗੇ।

– ਸੰਪਾਦਕ

## ਇਸ ਅੰਕ ਦਾ ਨਾਵਲ:

# ਦੂਰ ਕਿਨਾਰਾ

( ਕਾਂਡ 13)

ਪੜ੍ਹਨੀ ਜਿੰਨੀ ਸੁਖਾਲੀ ਸੀ, ਚਿੱਠੀ ਦਾ ਉੱਤਰ ਲਿਖਣਾ ਉਤਨਾ ਸੌਖਾ ਨਹੀਂ ਸੀ । ਸ਼ਾਇਦ ਇਸੇ ਕਰ ਕੇ ਚੱਕ੍ਰਵਰਤੀ ਲਿਖਣ ਦੀ ਮੇਜ਼ ਅਗੇ ਬੈਠਾ ਬੈਠਾ ਕੇਵਲ ਚਿੱਠੀ ਦੀ ਪਹਿਲੀ ਸਤਰ "ਮੇਰੀ ਜੀਵਨ ਜਯੋਤੀ ! ਚਿੱਠੀ ਮਿਲੀ" ਤੋਂ ਅਗੇ ਤਦ ਤੀਕ ਕਲਮ ਨਾ ਚਲਾ ਸਕਿਆ ਜਦ ਤਕ ਪੂਰੇ ਇਕ ਘੰਟੇ ਦੀ ਸੋਚ ਵਿਚਾਰ ਤੋਂ ਬਾਅਦ ਕਿਸੇ ਸਿੱਟੇ ਤੇ ਨਾ ਅਪੜ ਗਿਆ ।

ਚੋਖੇ ਚਿਰ ਦੀ ਮੋਨ ਸਮਾਧੀ ਤੋਂ ਬਾਅਦ ਉਸ ਨੇ ਲਿਖਣਾ ਸ਼ੁਰੂ ਕੀਤਾ –

ਰਾਵਲ ਪਿੰਡੀ
੧੪-੧-੪੫

"ਮੇਰੀ ਜੀਵਨ ਜਯੋਤੀ !

"ਤੇਰੀ ਚਿੱਠੀ ਦੇ ਪਹਿਲੇ ਕੁਝ ਪੈਰੇ ਪੜ੍ਹ ਕੇ ਮੇਰੀ ਆਤਮਾ ਵਿਚ ਜਿੰਨਾ ਉਮਾਹ ਪੈਦਾ ਹੋਇਆ, ਰਗ ਰਗ ਵਿਚ ਤੇਰੀ ਪਿਆਰ ਖਿਚ ਦੇ ਜਿੰਨੇ ਮਿੱਠੇ ਹੁਲਾਰੇ ਆਏ, ਉਸ ਤੋਂ ਬਹੁਤੀ ਪਰੇਸ਼ਾਨੀ ਤੇ ਬੇਚੈਨੀ ਪੈਦਾ ਹੋ ਗਈ ਤੇਰੀ ਚਿੱਠੀ ਦਾ ਬਾਕੀ ਹਿਸਾ ਪੜ੍ਹ ਕੇ। ਪੜ੍ਹਦਿਆਂ ਪੜ੍ਹਦਿਆਂ ਮੈਨੂੰ ਜਾਪਿਆ ਜਿਕਣ ਮੇਰੀ ਇਸ ਦੂਸਰੀ ਜਯੋਤਸਨਾ ਨੂੰ ਵੀ ਮੇਰੀ ਗੋਦ ਵਿਚੋਂ ਖੋਹਣ ਲਈ, ਹੋਣੀ ਦਾ ਡਰਾਉਣਾ ਹੱਥ ਇਕ ਵਾਰੀ ਫੇਰ ਮੇਰੇ ਵਲ ਵਧੀ ਆ ਰਿਹਾ ਹੈ । ਸਹਿਮ ਨਾਲ ਮੇਰੇ ਸੌਤਰ ਸੁਕ ਗਏ, ਸਰੀਰ ਦੀ ਨਸ ਨਸ, ਦਿਲ ਬਣ ਕੇ ਰੱਬ ਅਗੇ ਪੁਕਾਰ ਉਠੀ — "ਓ ਮੇਰੇ ਮਾਲਕ ! ਤੈਨੂੰ ਵਾਸਤਾ ਈ ਆਪਣੇ ਨਾਂ ਦਾ, ਮੇਰੀ ਬੱਚੀ ਨੂੰ ਜ਼ਾਲਮ ਹੋਣੀ ਦੇ ਪੰਜੇ ਤੋਂ ਬਚਾ ਲਈਂ ।"

"ਆਹ ! ਇਹ ਪੋਖਾ ਮੈਨੂੰ ਇਤਨਾ ਨਹਿਸ਼ — ਇਤਨਾ ਵਿਨਾਸ਼ਕਾਰੀ ਮਾਲੂਮ ਹੋਇਆ, ਕਿ ਇਸ ਵੇਲੇ ਮੇਰੇ ਹਵਾਸ ਵੀ ਚੰਗੀ ਤਰ੍ਹਾਂ ਕਾਇਮ ਨਹੀਂ ਕਿ ਮੈਂ ਤੈਨੂੰ ਤੇਰੀ ਚਿੱਠੀ ਦਾ ਉਤਰ ਪੂਰੀ ਸਮਝਦਾਰੀ ਨਾਲ ਲਿਖ ਸਕਾਂ, ਤਾਂ ਵੀ ਇਸ ਕੰਮ ਨੂੰ ਅਗਾਂਹ ਤੇ ਨਾ ਪਾਂਦਾ ਹੋਇਆ ਹੁਣੇ ਹੀ ਲਿਖਣ ਲਈ ਮਜਬੂਰ ਹਾਂ। ਹੋ ਸਕਦਾ ਹੈ ਬਦਹਵਾਸੀ ਦੀ ਹਾਲਤ ਵਿਚ ਮੈਥੋਂ ਲਿਖਣ ਦੀ ਤਰਤੀਬ ਵਿਗੜ ਜਾਏ ।

"ਬੇਸ਼ਕ ਜਯੋਤੀ ! ਮੈਂ ਤੇਰੀ ਉਸ ਘਾਲਣਾ ਦੀ ਦਾਦ ਦੇਂਦਾ ਹਾਂ, ਜੇਹੜੀ ਤੂੰ ਉਸ ਰਾਤ ਇਕ ਓਪਰੇ ਮਰਨਾਊ ਲਈ ਘਾਲੀ, ਪਰ ਇਸ ਤੋਂ ਅਗਲੇ

ਵਾਕਿਆਤ ਨੇ ਮੈਨੂੰ ਕੁਝ ਇਸ ਤਰ੍ਹਾਂ ਦਾ ਅਹਿਸਾਸ ਕਰਾਇਆ ਹੈ, ਜਿਵੇਂ ਤੇਰੀ ਉਹ ਘਾਲਣਾ, ਤੇਰੇ ਲਈ ਕਿਸੇ ਭਾਵੀ ਖ਼ਤਰੇ ਦਾ ਪੇਸ਼-ਖ਼ੇਮਾ ਸੀ।

"ਹਰ ਕੋਈ ਆਪਣੀਆਂ ਅੱਖਾਂ ਨਾਲ ਵੇਖਦਾ ਤੇ ਆਪਣੇ ਦਿਮਾਗ਼ ਨਾਲ ਸੋਚਦਾ ਹੈ, ਇਸੇ ਤਰ੍ਹਾਂ ਮੈਂ ਵੀ, ਜਿਸ ਨੇ ਆਪਣੀ ਅੱਧੀ ਸਦੀ ਦੀ ਉਮਰ ਵਿਚ ਅਨੇਕਾਂ ਉਤਾਰ ਚੜ੍ਹਾਉ ਵੇਖੇ, ਬੇਓੜਕ ਕੌੜੇ ਕਸੈਲੇ ਤਜਰਬੇ ਹਾਸਲ ਕੀਤੇ ਹਨ, ਜਿਨ੍ਹਾਂ ਦੇ ਆਧਾਰ ਤੇ ਮੇਰੇ ਕਈ ਖ਼ਿਆਲ ਅੱਜ ਦੀ ਦੁਨੀਆਂ ਨਾਲੋਂ ਕੁਝ ਵਖਰੇ ਜਿਹੇ ਬਣ ਗਏ ਹਨ, ਖ਼ਾਸ ਕਰ ਕੇ ਇਧ ਪ੍ਰੇਮ ਮੁਹੱਬਤ ਦੇ ਸੰਬੰਧ ਵਿਚ ਤਾਂ ਮੇਰੀ ਨਜ਼ਰ ਦਾ ਜ਼ਾਵੀਆ ਹੀ ਬਿਲਕੁਲ ਬਦਲ ਗਿਆ ਹੈ।

"ਅੱਜ ਦਾ ਸਮਾਂ, ਅਗਾਂਹ ਵਧੂ ਤੇ ਰੋਸ਼ਨੀ ਦਾ ਸਮਾਂ ਕਿਹਾ ਜਾਂਦਾ ਹੈ, ਇਸ ਦੇ ਹਰ ਤਜਰਬੇ ਨੂੰ ਟਕਸਾਲੀ ਮੋਹਰ ਸਮਝ ਕੇ ਅਜ ਦਾ ਨੌਜਵਾਨ ਤਬਕਾ ਅਪਣਾਈ ਚਲਾ ਜਾ ਰਿਹਾ ਹੈ, ਪਰ ਕੀ ਇਹ ਸਚ ਹੈ ਕਿ ਮੋਹਰ ਵਾਲਾ ਹਰ ਇਕ ਸਿੱਕਾ ਅਸਲੀ ਹੀ ਹੁੰਦਾ ਹੈ ?

"ਇਸ ਵੇਲੇ, ਜਦ ਕਿ ਸਾਡੇ ਦੇਸ ਦੀ ਰਹਿਣੀ ਬਹਿਣੀ, ਸਾਡੀ ਬੋਲ ਚਾਲ, ਤੇ ਸਾਡੀ ਹਰ ਤਰ੍ਹਾਂ ਦੀ ਸਭਿਅਤਾ ਉਤੇ ਪੱਛਮੀ ਰੰਗ ਚੜ੍ਹ ਚੁਕਾ ਹੈ, ਤਾਂ ਇਹ ਕੀਕਣ ਮੁਮਕਿਨ ਹੋ ਸਕਦਾ ਸੀ ਕਿ ਪਿਆਰ ਮੁਹੱਬਤ ਦਾ ਵਿਸ਼ਾ ਇਸ ਰੰਗ ਤੋਂ ਬਚਿਆ ਰਹਿੰਦਾ। ਅਜ ਸਾਡੇ ਦੇਸ਼ ਦੇ ਨੌਜਵਾਨ ਮੁੰਡੇ ਤੇ ਕੁੜੀਆਂ ਦਾਅਵੇ ਤੇ ਫ਼ਖ਼ਰ ਨਾਲ ਹਿੱਕ ਫੁਲਾ ਕੇ ਸਹਿਜੇ ਹੀ ਆਖ ਦੇਂਦੇ ਹਨ — "ਕੀ ਪਿਆਰ ਕਰਨਾ ਪਾਪ ਹੈ ?" ਉਨ੍ਹਾਂ ਨੇ ਇਹ 'ਪਿਆਰ' ਸ਼ਬਦ ਗੁਰਮੰਤਰ ਵਾਂਗ ਰਟ ਤਾਂ ਲਿਆ ਹੈ, ਪਰ ਉਨ੍ਹਾਂ ਵਿਚੋਂ ਸ਼ਾਇਦ ਨੜ੍ਹਿੰਨਵੇਂ ਜਾਂ ਸਾਢੇ ਨੜ੍ਹਿੰਨਵੇਂ ਫ਼ੀ ਸਦੀ ਨੂੰ ਪਤਾ ਹੀ ਨਹੀਂ ਹੁੰਦਾ ਕਿ 'ਪਿਆਰ' ਹੈ ਕਿਸ ਜਾਨਵਰ ਦਾ ਨਾਮ।

"ਸਕੂਲਾਂ ਕਾਲਜਾਂ ਦੇ ਆਮ ਕੋਰਸਾਂ ਵਾਂਗ ਇਹ 'ਪਿਆਰ' ਦਾ ਕੋਰਸ ਵੀ ਉਨ੍ਹਾਂ ਭਾਣੇ ਕੇਵਲ ਇਤਨਾ ਹੀ ਹੈ ਕਿ ਕਿਸੇ ਗਭਰੂ ਨੇ ਰਾਹ ਜਾਂਦੀ ਕੁੜੀ ਦਾ ਡਿੱਗਾ ਹੋਇਆ ਰੁਮਾਲ ਚੁਕ ਕੇ ਫੜਾ ਦਿਤਾ, ਉਸ ਨੇ ਅਗੋਂ ਅੱਖਾਂ ਮਟਕਾ ਕੇ ਸ਼ੁਕਰੀਆ ਅਦਾ ਕੀਤਾ, ਗੱਲਾਂ ਕਰਨ ਨੂੰ ਰਾਹ ਮਿਲ ਗਿਆ, ਇਕ ਦੂਜੇ ਨਾਲ ਕੁਝ ਹਮਦਰਦੀ ਪੈਦਾ ਹੋਈ, ਫੇਰ ਕੁਝ ਖਿੱਚ, ਤੇ ਇਸ ਤੋਂ ਬਾਅਦ ਪਿਆਰ ਮੰਜ਼ਲ ਦੀ ਚੜ੍ਹਾਈ ਸ਼ੁਰੂ ਹੋ ਗਈ।

"ਤੇ ਇਸ ਤੋਂ ਬਾਅਦ ? ਦੁਹਾਂ ਦਾ ਇਕ ਦੂਜੇ ਨੂੰ ਪ੍ਰਭਾਵਿਤ ਕਰਨ ਲਈ ਤਰ੍ਹਾਂ ਤਰ੍ਹਾਂ ਦੇ ਮਨ ਘੜਤ ਪ੍ਰਸੰਗ ਰਚ ਰਚ ਕੇ ਸੁਣਾਨਾ, ਹਿਮਾਲਾ ਦੀ ਚੋਟੀ ਜਿਡੀਆਂ ਉੱਚੀਆਂ ਤੇ ਆਦਰਸ਼ਕ ਰੀਝਾਂ ਦਾ ਵਿਖਾਲਾ ਕਰਨਾ ਤੇ ਹੋਰ ਨਾ ਜਾਣੀਏਂ ਕੀ ਕੀ ਅਡੰਬਰ ਰਚਣੇ ! ਮੁੰਡੇ ਨੇ ਜੇ ਕੁੜੀ ਨੂੰ ਧਾਰਮਿਕ ਰੁਚੀਆਂ ਵਾਲੀ ਵੇਖਣਾ ਤਾਂ ਰਾਮਾਇਣ ਤੇ ਮਹਾਂ ਭਾਰਤ ਦੇ ਪ੍ਰਸੰਗ ਛੋਹ ਬੈਠਣੇ, ਜੇ ਝੁਕਾਉ ਸਾਹਿੱਤ ਵਲ ਹੋਵੇ ਤਾਂ ਸ਼ੇਕਸਪੀਅਰ ਤੇ ਕਾਲੀਦਾਸ ਉਤੇ ਅਲੋਚਨਾ, ਤੇ ਜੇ ਵੇਖਣਾ ਕਿ ਕੁੜੀ ਉਤੇ ਮੁਲਕੀ ਪਾਲਿਟਿਕਸ ਦਾ ਅਸਰ ਹੈ, ਤਾਂ ਲੈਨਿਨ ਤੋਂ ਗਾਂਧੀ ਤਕ ਨੂੰ ਇਕ ਲੜੀ ਵਿਚ ਪਰੋਣਾ ਸ਼ੁਰੂ ਕਰ ਦੇਣਾ।

"ਸਕੂਲਾਂ ਕਾਲਜਾਂ ਦੇ
ਆਮ ਕੋਰਸਾਂ ਵਾਂਗ
ਇਹ 'ਪਿਆਰ' ਦਾ
ਕੋਰਸ ਵੀ ਉਨ੍ਹਾਂ
ਭਾਣੇ ਕੇਵਲ ਇਤਨਾ
ਹੀ ਹੈ ਕਿ ਕਿਸੇ
ਗੱਭਰੂ ਨੇ ਰਾਹ
ਜਾਂਦੀ ਕੁੜੀ ਦਾ
ਡਿੱਗਾ ਹੋਇਆ ਰੁਮਾਲ
ਚੁਕ ਕੇ ਫੜਾ
ਦਿਤਾ, ਉਸ ਨੇ
ਅੱਗੋਂ ਅੱਖਾਂ ਮਟਕਾ
ਕੇ ਸ਼ੁਕਰੀਆ ਅਦਾ
ਕੀਤਾ .........
.............

"ਅਖ਼ੀਰ ਬਣ ਗਏ ਪ੍ਰੇਮੀ ਤੇ ਪ੍ਰੇਮਿਕਾ – ਚਲੋ ਪਿਆਰ ਦਾ ਕੋਰਸ ਖ਼ਤਮ। ਹੁਣ ਬਾਕੀ ਰਹਿ ਗਿਆ ਪਿਆਰ ਨੂੰ ਨਿਭਾਉਣ ਦੇ ਕੌਲ ਕਰਾਰ, ਉਚੇ ਲੰਮੇਂ ਦਾਈਏ ਅਤੇ ਬਲੀਦਾਨ ਦੇ ਨਕਸ਼, ਜਿਨ੍ਹਾਂ ਦੀ ਪ੍ਰਗਟਤਾ ਵਿਚ ਦੋਵੇਂ ਜ਼ਮੀਨ ਅਸਮਾਨ ਦੇ ਕਲਾਬੇ ਮੇਲ ਦੇਂਦੇ ਹਨ।

'ਪਰ ਅਸਲੀਅਤ ? ਅਸਲ਼ੀਅਤ ਇਹ ਕਿ ਇਤਨਾ ਅਡੰਬਰ ਰਚਣ ਤੋਂ ਬਾਅਦ ਵੀ ਦੋਵੇਂ ਇਕ ਦੂਜੇ ਤੋਂ ਉਤਨੇ ਹੀ ਨਾਵਾਕਫ਼, ਉਤਨੇ ਹੀ ਅਣ-ਭਿੱਜੇ ਰਹਿੰਦੇ ਹਨ ਕਿ ਜਿੰਨੇ ਪ੍ਰਥਮ-ਮਿਲਣ ਤੋਂ ਪਹਿਲਾਂ ਸਨ।

"ਅਸਲ ਵਿਚ ਜਯੋਤੀ, ਇਹ ਮਜ਼ਮੂਨ ਜਿੰਨਾ ਮਹੱਤਤਾ ਭਰਿਆ ਹੈ, ਓਨਾ ਹੀ ਲੰਮਾ ਤੇ ਗੁੰਝਲਦਾਰ ਵੀ ਹੈ। ਸਾਧਾਰਨ ਚਿਠੀ ਚਪੱਠੀ ਵਿਚ ਇਸ ਦੀ ਵਿਆਖਿਆ ਨਹੀਂ ਹੋ ਸਕਦੀ, ਤਾਂ ਵੀ ਮੈਂ ਤੇਰੀ ਬਹਾਦਰੀ ਦੀ ਦਾਦ ਦਿਤੇ ਬਿਨਾਂ ਨਹੀਂ ਰਹਿ ਸਕਦਾ ਕਿ ਤੂੰ ਇਸ ਅਖਾਉਤੀ ਪ੍ਰੇਮ-ਪੰਧ ਵਿਚ ਉਸ ਵੇਲੇ ਅੱਖਾਂ ਖੋਲ੍ਹ ਕੇ ਤੱਕਿਆ, ਜਿਸ ਵੇਲੇ ਨਾ ਕੇਵਲ ਤੇਰੇ ਵਰਗੀਆਂ ਦੀਆਂ ਅੱਖਾਂ ਹੀ ਬੰਦ ਹੋ ਜਾਇਆ ਕਰਦੀਆਂ ਹਨ, ਸਗੋਂ ਅਕਲ ਤੇ ਹੋਸ਼ ਵੀ ਉਨ੍ਹਾਂ ਨੂੰ ਜਵਾਬ ਦੇ ਜਾਂਦੇ ਹਨ। ਸੋ ਇਸ ਮਜ਼ਮੂਨ ਨੂੰ ਕਿਸੇ ਹੋਰ ਵੇਲੇ ਲਈ — ਜਦ ਅਸੀਂ ਇਕ ਦੂਜੇ ਦੇ ਮੂੰਹੀਂ ਦੂੰਹੀ ਹੋਵਾਂਗੇ — ਛੱਡ ਕੇ ਫ਼ਿਲਹਾਲ ਮੈਂ ਇਤਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਇਹ, ਜਿਸ ਨੂੰ ਅਜ ਦਾ ਪੋਚ 'ਪਿਆਰ' ਦਾ ਨਾਉਂ ਦੇਂਦਾ ਹੈ, ਨਬੇ ਫ਼ੀ ਸਦੀ ਵਿਚ ਪਿਆਰ ਦਾ ਅਭਾਵ ਹੁੰਦਾ ਹੈ। ਇਸ ਨੂੰ ਅਸੀਂ 'ਵਾਸ਼ਨਾ' ਜਾਂ 'ਭੁਲੇਖੇ' ਤੋਂ ਛੁਟ ਹੋਰ ਕੋਈ ਨਾਂ ਨਹੀਂ ਦੇ ਸਕਦੇ। ਤੇਜ਼ ਸ਼ਰਾਬ ਵਾਂਗ ਇਸ 'ਵਾਸ਼ਨਾ' ਵਿਚ ਇਕ ਐਸਾ ਮਾਦਕ ਅੰਸ਼ ਹੁੰਦਾ ਹੈ, ਜੇਹੜਾ ਆਦਮੀ ਦੇ ਸਾਰੇ ਗਿਆਨ ਤੇ ਕਰਮ ਇੰਦ੍ਰਿਆਂ ਨੂੰ ਬੇਹੋਸ਼ ਅਥਵਾ ਨਿੰਦਰਾਲੇ ਕਰ ਦੇਂਦਾ ਹੈ। ਫਿਰ ਤੂੰ ਆਪ ਹੀ ਸੋਚ ਬੇਟਾ, ਜੇਹੜਾ ਆਦਮੀ ਘਰੋਂ ਟੁਰਿਆ ਹੋਵੇ ਹੀਰਿਆਂ ਮੋਤੀਆਂ ਨੂੰ ਵਿਹਾਝਣ, ਪਰ ਉਸ ਦੇ ਹੋਸ਼ ਹਵਾਸ ਦੀ ਹੋਵੇ ਇਹ ਹਾਲਤ, ਉਹ ਇਸ ਵਣਜ ਵਿਚ ਕਿੰਨਾ ਕੁ ਕਾਮਯਾਬ ਹੋ ਸਕੇਗਾ ?

"ਜਿਸ ਨੌਜਵਾਨ (ਪ੍ਰਿਥੀਪਾਲ) ਦਾ ਤੂੰ ਆਪਣੀ ਚਿੱਠੀ ਵਿਚ ਜ਼ਿਕਰ ਕੀਤਾ ਹੈ, ਜ਼ਾਤੀ ਤੌਰ ਤੇ ਮੈਂ ਨਹੀਂ ਜਾਣਦਾ ਕਿ ਉਹ ਕਿਹੋ ਜਿਹਾ, ਕੌਣ, ਤੇ ਕਿੰਨ੍ਹਾਂ ਰੁਚੀਆਂ ਦਾ ਮਾਲਕ ਹੈ, ਅਲਬੱਤਾ ਉਸ ਦੇ ਮੂੰਹੋਂ ਸੁਣੀਆਂ ਗੱਲਾਂ — ਜਿਨ੍ਹਾਂ ਦਾ ਤੂੰ ਆਪਣੀ ਚਿੱਠੀ ਵਿਚ ਜ਼ਿਕਰ ਕੀਤਾ ਹੈ — ਤੋਂ ਉਹ ਇਕ ਅਗਾਂਹ ਵਧੂ ਖ਼ਿਆਲਾਂ ਦਾ; ਤੇ ਲੋਕ ਪ੍ਰੇਮੀ ਲਗਦਾ ਹੈ, ਪਰ ਚਿੰਤਾ ਵਾਲੀ ਗੱਲ ਤਾਂ ਇਹ ਹੈ ਕਿ ਅਜ ਦੀ ਦੁਨੀਆਂ ਵਿਚ ਜਿੰਨਾ ਝੂਠ ਤੇ ਫ਼ਰੇਬ ਪ੍ਰੇਮ-ਪ੍ਰਗਟਤਾ ਵੇਲੇ ਵਰਤਿਆ ਜਾਂਦਾ ਹੈ, ਉਨਾਂ ਸ਼ਾਇਦ ਸਾਰੀ ਜ਼ਿੰਦਗੀ ਵਿਚ ਨਹੀਂ ਵਰਤਿਆ ਜਾਂਦਾ।

"ਮੈਂ ਕਿਸੇ ਭਲੇ ਆਦਮੀ ਉਤੇ ਦੋਸ਼ ਨਹੀਂ ਲਾ ਰਿਹਾ — ਹੋ ਸਕਦਾ ਹੈ ਪ੍ਰਿਥੀਪਾਲ ਸੌ ਫ਼ੀ ਸਦੀ ਉਹੋ ਕੁਝ ਹੋਵੇ, ਜੋ ਉਸ ਨੇ ਆਪਣੇ ਆਪ ਨੂੰ ਤੇਰੇ ਅਗੇ ਪ੍ਰਗਟ ਕੀਤਾ ਹੈ, ਪਰ ਫਿਰ ਵੀ ਮੈਂ ਖ਼ਿਆਲ ਕਰਦਾ ਹਾਂ ਕਿ ਵਿਆਹ ਸ਼ਾਦੀ ਦੇ ਮਾਮਲੇ ਵਿਚ ਜੇ ਅੱਖਾਂ ਮੀਟ ਕੇ ਸਿਰਫ਼ ਮਾਪਿਆਂ ਦੀ ਚੋਣ ਦੇ ਮਗਰ ਲਗ ਤੁਰਨਾ ਜੂਆ ਹੈ, ਤਾਂ ਉਨ੍ਹਾਂ ਤੋਂ ਬੇ ਬਾਹਰੇ ਹੋ ਕੇ – ਕੇਵਲ ਕਿਸੇ ਦੀਆਂ 'ਗੱਲਾਂ' ਦੇ ਪ੍ਰਭਾਵ ਹੇਠ ਆ ਕੇ ਹੀ ਆਤਮ-ਸਮਰਪਨ ਕਰ ਦੇਣਾ, ਇਹ ਜੂਏ

ਦਾ ਦੂਸਰਾ ਨਾਂ ਹੈ — ਲਾਟਰੀ।

'ਮੇਰੀ ਪੁੱਤਰੀ, ਤੂੰ ਕੁਆਰੀ ਹੈਂ — ਜੀਵਨ ਦਾ ਸਾਥੀ ਤੈਨੂੰ ਅਕਸਰ ਕਦੀ ਨਾ ਕਦੀ —ਕੋਈ ਨਾ ਕੋਈ ਚੁਣਨਾ ਹੀ ਪਵੇਗਾ, ਸੋ ਮੇਰੀ ਇਸ ਬਾਬਤ ਇਹੋ ਰਾਇ ਹੈ ਕਿ ਇਸ ਚੋਣ ਦਾ ਹੱਕ ਤੂੰ ਉਨ੍ਹਾਂ ਨੂੰ ਦੇਈ ਰਖ ਜਿਨ੍ਹਾਂ ਤੋਂ ਵੱਡਾ ਤੇਰਾ ਹਮਦਰਦ ਤੇ ਪਿਆਰਾ ਇਸ ਦੁਨੀਆਂ ਵਿਚ ਕੋਈ ਨਹੀਂ — ਤੇਰੇ ਮਾਪੇ। ਇਸ ਦਾ ਮਤਲਬ ਇਹ ਨਹੀਂ ਕਿ ਆਪਣੇ ਹੋਣ ਵਾਲੇ ਸਾਥੀ ਬਾਬਤ ਤੂੰ ਉੱਕਾ ਹਨੇਰੇ ਵਿਚ ਹੀ ਰਹੇਂ। ਤੈਨੂੰ ਵੀ ਉਸ ਬਾਬਤ ਹਰ ਤਰ੍ਹਾਂ ਦੀ ਛਾਣ ਬੀਣ ਕਰਨ ਦਾ ਓਨਾ ਹੀ ਹੱਕ ਹੈ, ਜਿੰਨਾ ਤੇਰੇ ਮਾਪਿਆਂ ਨੂੰ, ਬਲਕਿ ਉਦੂੰ ਵੀ ਵਧ। ਤਾਂ ਵੀ ਮੇਰਾ ਕਹਿਣਾ ਹੈ ਕਿ ਇਹ ਕੰਮ ਤੈਨੂੰ ਉਹਨਾਂ ਦੀ ਰਹਿਬਰੀ ਤੇ ਆਪਣੀ ਪੂਰੀ ਖੋਜ ਪੜਤਾਲ ਹੇਠ ਹੀ ਕਰਨਾ ਚਾਹੀਦਾ ਹੈ।

"ਤੂੰ ਲਿਖਿਆ ਹੈ — "ਕਹੋ ਤਾਂ ਪ੍ਰਿਥੀਪਾਲ ਦੀਆਂ ਚਿੱਠੀਆਂ ਭੇਜ ਦਿਆਂ" ਮੈਨੂੰ ਨਾ ਉਨ੍ਹਾਂ ਚਿੱਠੀਆਂ ਦੇ ਪੜ੍ਹਨ ਦੀ ਲੋੜ ਹੈ ਨਾ ਸੁਣਨ ਦੀ। ਮੈਂ ਇਹੋ ਚਾਹੁੰਦਾ ਹਾਂ ਕਿ ਉਨ੍ਹਾਂ ਚਿੱਠੀਆਂ ਦੀ ਕੁਝ ਵੀ ਕੀਮਤ ਨਾ ਸਮਝੀ ਜਾਵੇ, ਜਦ ਤਕ ਇਹ ਤਸਦੀਕ ਨਹੀਂ ਹੋ ਜਾਂਦਾ ਕਿ ਜੋ ਕੁਝ ਉਸ ਨੇ ਆਪਣੀ ਬਾਬਤ ਉਨ੍ਹਾਂ ਚਿੱਠੀਆਂ ਵਿਚ ਦੱਸਿਆ ਜਾਂ ਜ਼ਬਾਨੀ ਕਿਹਾ ਹੈ, ਸਭ ਸੱਚ ਹੈ।

"ਮੈਨੂੰ ਜਾਪਦਾ ਹੈ ਜਿਵੇਂ ਮੈਂ ਆਪਣੇ ਅਧਿਕਾਰ ਤੋਂ ਬਹੁਤਾ ਕੁਝ ਤੈਨੂੰ ਮਨਾਣ ਲਈ ਲਿਖ ਗਿਆ ਹਾਂ। ਪਰ ਕੀ ਕਰਾਂ, ਸ਼ਾਇਦ ਏਦੂੰ ਦਸਵਾਂ ਹਿੱਸਾ ਵੀ ਨਾ ਕਰਦਾ, ਜੇ ਤੂੰ ਮੇਰੀ ਜਯੋਤਸਨਾ ਨਾ ਹੁੰਦੀਓਂ।

"ਬਸ ਕਰਦਾ ਹਾਂ, ਤੇਰੀ ਮਿਲਣ-ਤੀਬ੍ਰਤਾ ਦੇ ਉੱਤਰ ਵਿਚ ਇਤਨਾ ਹੀ ਲਿਖਣਾ ਚਾਹੁੰਦਾ ਹਾਂ ਕਿ ਇਹ ਖਿੱਚ ਇਧਰ ਵੀ ਤੇਰੇ ਨਾਲੋਂ ਘੱਟ ਨਹੀਂ। ਪਰ ਹਾਲੇ ਮੇਰੀ ਪਿਛਲੇ ਸਫ਼ਰ ਦੀ ਥਕਾਵਟ ਦੂਰ ਨਹੀਂ ਹੋਈ, ਨਾਲੇ ਇਕ ਨਵੇਂ ਨਾਵਲ ਦੀ ਉਧੇੜ ਬੁਣ ਵਿਚ ਬੁਰੀ ਤਰ੍ਹਾਂ ਉਲਝਿਆ ਹੋਇਆ ਹਾਂ, ਸੋ ਆਸ ਦਿਵਾਂਦਾ ਹਾਂ ਕਿ ਕਦੀ ਨ ਕਦੀ ਅਵੱਸ਼ ਮੈਂ ਆਪਣੀ ਬੱਚੀ ਨੂੰ ਮਿਲਾਂਗਾ! ਚਿੱਠੀ ਦਾ ਉੱਤਰ ਜਿਥੋਂ ਤਕ ਹੋ ਸਕੇ, ਛੇਤੀ ਦੇਣ ਦੀ ਕੋਸ਼ਿਸ਼ ਕਰਿਆ ਕਰਨੀ।

ਆਸ਼ੀਰਵਾਦਿਕ —ਚੱਕ੍ਰਵਰਤੀ"

* * *

ਚਿੱਠੀ ਪੋਸਟ ਕਰ ਚੁਕਣ ਤੇ ਵੀ ਚੱਕ੍ਰਵਰਤੀ ਦੇ ਦਿਲ ਨੂੰ ਤਸੱਲੀ ਨਹੀਂ ਹੋਈ। ਉਸ ਦੀ ਰੂਹ ਤਲਮਲਾ ਉਠੀ ਇਕ ਵਾਰੀ ਮਾਧੁਰੀ ਕੋਲ ਪਹੁੰਚਣ ਲਈ। ਉਸ ਨੂੰ ਡਰ ਜਿਹਾ ਲਗ ਰਿਹਾ ਸੀ, ਮਤੇ ਚਿੱਠੀ ਪਹੁੰਚਣ ਤੋਂ ਪਹਿਲਾਂ ਹੀ ਮਾਧੁਰੀ ਦੇ ਸੰਜਮ ਕੰਧ ਵਿਚ ਕੋਈ ਤੇੜ ਆ ਜਾਵੇ। ਪਰ ਅਖ਼ੀਰ ਆਪਣੇ ਵਰਤਮਾਨ ਨੂੰ ਭਵਿਸ਼ ਦੀ ਆਸ ਤੇ ਛਡ ਕੇ ਉਹ ਮਾਧੁਰੀ ਦਾ ਜਵਾਬ ਉਡੀਕਣ ਲਗਾ।

* * *

# ਭੋਲਾ ਪੰਛੀ

## ਨੰਦ ਲਾਲ ਨੂਰਪੁਰੀ

(13 ਮਈ 1966 ਨੂੰ ਖੂਹ ਵਿੱਚ ਡੁੱਬ ਕੇ ਆਤਮ ਹੱਤਿਆ ਕਰ ਲੈਣ ਵਾਲੇ ਪੰਜਾਬ ਦੇ ਇਸ ਮਹਿਬੂਬ ਗੀਤਕਾਰ ਦੇ ਕੁਝ ਹੋਰ ਗੀਤ ਅਤੇ ਕਵਿਤਾਵਾਂ ਅਗਲੇ ਅੰਕਾਂ ਵਿੱਚ ਪੇਸ਼ ਕੀਤੀਆਂ ਜਾਣਗੀਆਂ)

— ਸੰਪਾਦਕ

ਏਥੋਂ ਉਡ ਜਾਹ ਭੋਲਿਆ ਪੰਛੀਆ, ਵੇ ਤੂੰ ਅਪਣੀ ਜਾਨ ਬਚਾ।
ਏਥੇ ਘਰ ਘਰ ਫਾਹੀਆਂ ਗੱਡੀਆਂ, ਵੇ ਤੂੰ ਛਰੀਆਂ ਹੇਠ ਨਾ ਆ।
ਏਥੇ ਡਾਕੇ ਪੈਣ ਦੁਪਹਰ ਨੂੰ, ਤੇਰੇ ਆਲ੍ਹਣੇ ਦੇਣਗੇ ਢਾ।
ਏਥੇ ਜ਼ਹਰ ਭਰੇ ਵਿਚ ਦਾਣਿਆਂ, ਤੇਰੀ ਦਿੱਤੀ ਚੋਗ ਖਿੰਡਾ।

ਏਥੇ ਚੂੜੇ ਵਾਲੀਆਂ ਰੋਂਦੀਆਂ, ਗਲ ਵਿਚ ਜ਼ੁਲਫਾਂ ਪਾ।
ਏਥੇ ਗਾਨੇ ਬੰਨ੍ਹ ਪਛਤਾਈਆਂ, ਕੋਈ ਮਨੋਂ ਨਾ ਲੱਥੜੇ ਚਾ।
ਏਥੇ ਛੈਲਾਂ ਫਾਹੇ ਖਾਂਦੀਆਂ, ਅਜ ਗਜ ਗਜ ਵਾਲ ਵਧਾ।
ਏਥੇ ਡੁਬ ਡੁਬ ਮੋਈਆਂ ਸੋਹਣੀਆਂ, ਏਥੇ ਲਹੂ ਭਰੇ ਦਰਿਆ।

ਏਥੇ ਕਬਰੀਂ ਸੁੱਤੇ ਸੂਰਮੇਂ, ਅਜ ਮਾਵਾਂ ਨੂੰ ਤੜਫਾ।
ਏਥੇ ਵਡਿਆਂ ਖੰਭਾਂ ਵਾਲੀਆਂ, ਅੱਜ ਤੁਰੀਆਂ ਖੰਭ ਖੁਹਾ।
ਏਥੇ ਬੰਦੇ-ਖਾਣੇ ਆਦਮੀ, ਏਥੇ ਭੈਣਾਂ-ਮਾਰ ਭਰਾ।
ਏਥੇ ਕਲੀਆਂ ਵਰਗੀਆਂ ਸੂਰਤਾਂ, ਅਜ ਦਿੱਤੀਆਂ ਸਾੜ ਖਪਾ।
ਉਹ! ਤੂੰ ਸੁੱਤੇ ਫਨੀਅਰ ਛੇੜ ਨਾ, ਜਾਹ ਵਖਰੀ ਬੀਨ ਵਜਾ।

ਏਥੇ ਭਾਈ ਭਾਈਆਂ ਨੂੰ ਮਾਰਦੇ, ਅੱਜ ਭੈਣਾਂ ਦੇ ਘਰ ਢਾ।
ਏਥੋਂ ਜੀਭ ਕਟਾ ਕੇ ਜਾਏਂਗਾ, ਏਥੇ ਗੀਤ ਨਾ ਮਿੱਠੜੇ ਗਾ।
ਏਥੇ ਗਊਆਂ ਛੁਰੀਆਂ ਖਾਂਦੀਆਂ, ਏਨ੍ਹੀਂ ਜੰਗਲੀ ਹੈ ਨਹੀਂ ਘਾ।
ਏਥੇ ਹਸਦੇ ਫੁੱਲ ਗੁਲਾਬ ਦੇ, ਵੈਰੀ ਸੁਕਣੇ ਦੇਂਦੇ ਨੀ ਪਾ।
ਏਥੇ ਹੱਸਣਾ ਮੌਤ ਨਿਸ਼ਾਨੀਆਂ, ਏਥੇ ਡਰ ਕੇ ਝੱਟ ਲੰਘਾ।

ਏਥੇ ਵੈਣ ਨੇ ਪੌਂਦੀਆਂ ਬੁਲਬੁਲਾਂ, ਅਜ ਵਗ ਗਈ ਕੌੜੀ ਹਵਾ।
ਏਥੇ ਘੋੜੀ ਕਿਸੇ ਨਹੀਂ ਚਾੜ੍ਹਨਾ, ਤੈਨੂੰ ਰੰਗਲੀ ਮਹਿੰਦੀ ਲਾ।
ਤੈਨੂੰ ਰੋਣਾ ਕਿਸੇ ਨਹੀਂ ਰਜ ਕੇ, ਕਿਸੇ ਭੈਣ ਨਹੀਂ ਨ੍ਹਾਵਣੀ ਧਾ।
ਏਥੇ ਤੇਨਾਂ ਚੈਂਚਲ ਹਾਰੀਆਂ, ਅਤੇ ਬੰਦੇ ਫਲਾਂ ਮੁਦਾ।
ਏਥੇ ਲੋਹੇ ਸੋਨੇ ਕੱਚ ਦਾ, ਬੀਬਾ ਇਕ ਬਜ਼ਾਰੀ ਭਾ।
ਤੇਰੀ ਕੱਲੀ ਜਾਨ ਵੇ ਪਾਂਧੀਆ, ਏਥੇ ਨਾ ਕੋਈ ਬਣ ਭਰਾ।
ਓ ਤੂੰ 'ਨੂਰਪੁਰੀ' ਪਛਤਾਏਂਗਾ, ਏਥੋਂ ਮੁੜ ਵਤਨਾਂ ਨੂੰ ਜਾ।

## ਦੋ ਸੂਹੇ ਰੰਗ : ( ਭਾਰਤ ਤੇ ਪਾਕਿਸਤਾਨ)

### ( ਸੰਤ ਰਾਮ ਉਦਾਸੀ )

### ਔਰੰਗਜ਼ੇਬ ਦਾ ਖ਼ਤ-ਦਸ਼ਮੇਸ਼ ਦਾ ਜਵਾਬ

ਖ਼ਤ ਤੇਰੇ ਵਾਚੇ ਗਏ, ਸੁਪਨੇ ਤੇਰੇ ਪਰਖੇ ਗਏ,
ਬਾਦਸ਼ਾਹੀ ਦੇ ਨਸ਼ੇ ਵਿਚ ਖ਼ਬਰ ਕੁਝ ਤੈਨੂੰ ਨਹੀਂ।
ਤੈਨੂੰ ਜੇਕਰ ਰਾਜ ਦਾ ਤੇ ਜ਼ੁਲਮ ਦਾ ਅਭਿਮਾਨ ਹੈ,
ਤਾਂ ਫਿਰ ਤੇਰੇ ਅਭਿਮਾਨ ਦੀ ਪ੍ਰਵਾਹ ਵੀ ਮੈਨੂੰ ਨਹੀਂ।
ਜ਼ਿੰਦਗੀ ਦੀ ਦੱਸ ਤੂੰ ਸੱਧਰ ਵੀ ਪਰਖੀ ਏ ਕਦੀ
ਤੇ ਕਦੀ ਰਖਿਆ ਵੀ ਏ ਤੂੰ ਖ਼ੌਫ਼ ਅੱਲਾ ਪਾਕ ਦਾ,
ਤੈਂ ਕਤਲ ਕੀਤੇ ਜਦੋਂ ਗਦੀ ਲਈ ਭਾਈ ਤੇ ਬਾਪ,
ਖੁਲ੍ਹ ਗਿਆ ਸੀ ਪਾਜ ਉਦੋਂ ਹੀ ਤੇਰੇ ਇਖ਼ਲਾਕ ਦਾ।
ਤੂੰ ਅਮੀਰਾਂ ਦਾ ਸ਼ਹਿਨਸ਼ਾਹ ਏਂ ਗਰੀਬਾਂ ਦਾ ਨਹੀਂ,
ਤੇ ਗਰੀਬਾਂ ਨਾਲ ਖਾ ਕੇ ਖ਼ਾਰ ਤੂੰ ਪਛਤਾਏਂਗਾ।
ਲਹੂ ਬੇਦੋਸ਼ ਲੋਕਾਂ ਦਾ ਤੇਰੇ ਨਾਪਾਕ ਹੱਥਾਂ ਤੇ,
ਯਾਦ ਰੱਖ ! ਤੂੰ ਇਸੇ ਦੇ ਹੀ ਸੇਕ ਵਿਚ ਸੜ ਜਾਏਂਗਾ।
ਮੇਰੇ ਆਦਰਸ਼ ਤੋਂ ਮੈਨੂੰ ਜ਼ਰਾ ਥਿੜਕਾ ਨਹੀਂ ਸਕਦਾ,
ਵਿਛੋੜਾ ਬਾਪ, ਮਾਤਾ ਦਾ ਅਤੇ ਪੁੱਤਰਾਂ ਹਜ਼ਾਰਾਂ ਦਾ।
ਜੇ ਦੀਵਾ ਰਹਿ ਸਕੇ ਬਲਦਾ ਮਾਸੂਮਾਂ ਤੇ ਅਨਾਥਾਂ ਦਾ
ਮੈਂ ਰੀਝਾਂ ਨਾਲ ਪਾਇਆ ਖ਼ੂੰਨ ਹੈ ਵਿਚ ਲਾਲ ਚਾਰਾਂ ਦਾ।
ਮੇਰੇ ਬਚਿਆਂ ਦਾ ਸਿਰ ਟੰਗਿਆ ਹੋਇਆ ਨੇਜ਼ੇ ਤੇ ਤਕ ਕੇ ਵੀ,
ਕਦੇ ਸੁਲਾਹ ਦੇ ਰਾਹੇ ਪੈਣ ਦਾ ਸੁਪਨਾ ਨਹੀਂ ਆਇਆ।
ਮੈਨੂੰ ਸੂਲਾਂ ਦੇ ਸੱਥਰ ਤੇ ਵੀ ਰੱਜਵੀਂ ਨੀਂਦ ਆਉਂਦੀ ਏ,
ਕਦੀ ਮਹਿਲਾਂ 'ਚ ਮੈਨੂੰ ਰਹਿਣ ਦਾ ਸੁਪਨਾ ਨਹੀਂ ਆਇਆ।
ਮੇਰੇ ਅੰਮ੍ਰਿਤ ਨੇ ਲੋਕਾਂ ਨੂੰ ਅਮਰ ਜਜ਼ਬਾ ਛਕਾਇਆ ਏ,
ਕਿ ਤੇਰੇ ਜ਼ੁਲਮ ਦੇ ਅਗੇ, ਰਿਆਇਆ ਝੁਕ ਨਹੀਂ ਸਕਦੀ।
ਮੈਂ ਐਸੀ ਲਾਟ ਜ਼ੁਲਮੀ ਝਖੜਾਂ ਵਿਚ ਬਾਲ ਚਲਿਆ ਹਾਂ,
ਕਿ ਜਿਹੜੀ ਬੁਝ ਨਹੀਂ ਸਕਦੀ ਤੇ ਜਿਹੜੀ ਝੁਕ ਨਹੀਂ ਸਕਦੀ।
ਲੁਕੋਵਣ ਖੰਭੜੀਆਂ ਹੇਠਾਂ, ਜੁ ਦੀਨਾਂ ਤੇ ਅਨਾਥਾਂ ਨੂੰ,
ਮੈਂ ਕੀਤੀ ਸਿਰਜਣਾ ਪ੍ਰਵਾਨਿਆਂ ਲੱਖਾਂ ਹਜ਼ਾਰਾਂ ਦੀ।
ਤੇ ਫਾਂਸੀ ਤੇ ਵੀ ਇਹ ਤਾਂ ਚੜ੍ਹਦੀਆਂ ਕਲਾ 'ਚ ਰਹਿਣਗੇ,
ਤੇ ਮੁੜ ਕੇ ਕਰਨਗੇ ਇਹ ਸਿਰਜਣਾ ਲੁਟੀਆਂ ਬਹਾਰਾਂ ਦੀ।

### ( ਅਹਿਮਦ ਸਲੀਮ )

### 1. ਇੱਕ ਖ਼ਤ

ਸਾਡੀ ਦੋਸਤੀ ਦੀ ਲਾਸ਼
ਦੋ ਦੇਸਾਂ ਦੀ ਸਰਹੱਦ 'ਤੇ
ਇਕ ਨੰਗਾ ਨਾਚ ਨੱਚਦੀ ਪਈ......
ਇਸ ਲਾਸ਼ ਦਾ ਸੁਨਹਿਰੀ ਜਿਸਮ
ਸੈਂਸਰ ਦੀਆਂ ਭੁੱਖੀਆਂ ਨਜ਼ਰਾਂ ਦੀ ਸੂਲੀ 'ਤੇ ਟੰਗਿਆ
ਹਵਾ ਦੇ ਵੈਣ
ਏਧਰ ਓਧਰ ਭਟਕ ਰਹੇ
ਤੇ ਕੋਈ ਚੀਕ ਹਵਾ ਦੇ ਹੋਠਾਂ ਤੋਂ ਤਿਲਕ ਤਿਲਕ ਪੈਂਦੀ
ਤੂੰ ਲਿਖਿਆ ਸੀ
''ਮੈਂ ਤੁਹਾਡੀ ਆਪਣੀ......''
ਮੈਂ ਲਿਖਿਆ ਸੀ
''ਤੂੰ ਮੇਰਾ ਚੰਨ .....''
ਪਰ ਮਜ਼ਹਬ ਉਹ ਪਾਲਤੂ ਕੁੱਤਾ
ਜਿਹੜਾ ਸਿਰਫ਼ ਲੁਟੇਰਿਆਂ ਦੇ ਘਰ ਦੀ ਰਾਖੀ ਕਰਦਾ
ਤੇ ਮੁਹੱਬਤ ਕਰਨ ਵਾਲਿਆਂ ਦੇ ਮਾਸ 'ਤੇ ਪਲਦਾ
ਅੱਧਾ ਪੰਜਾਬ
ਤੇਰੀਆਂ ਅੱਖੀਆਂ ਵਿਚ ਰੋਂਦਾ
ਅੱਧਾ ਪੰਜਾਬ
ਮੇਰੇ ਹੋਠਾਂ 'ਤੇ ਵਿਲਕਦਾ
ਤੇ ਹੰਝੂ ਗੀਤਾਂ ਵਿਚ ਵਿਚਰਦੇ
ਤੇ ਗੀਤ ਹੰਝੂ ਬਣਦੇ......
ਇਹ ਖ਼ਤ !
ਇਕ ਸਜ਼ਾ ਮੇਰੇ ਅਣਕੀਤੇ ਗੁਨਾਹਵਾਂ ਦੀ
ਨਹੀਂ ਇਹ ਖ਼ਤ ਮੇਰਾ ਅਸਲੋਂ ਨਵਾਂ ਗੁਨਾਹ
ਪਰ ਇਹਦੀ ਸਜ਼ਾ ਤੂੰ ਭੁਗਤ ਰਹੀ
ਕਿ ਸਾਡੇ ਸਮਾਜ ਵਿਚ
ਮਰਦ ਦੇ ਹਰ ਗੁਨਾਹ ਦੀ ਸਜ਼ਾ
ਸਿਰਫ਼ ਔਰਤ ਭੁਗਤਦੀ......।

### ੨. ਸ਼ਾਇਰ

ਆ ਪਿਆਰ ਕਰੀਏ,
ਫੁੱਲਾਂ ਨੂੰ
ਮਾਂ ਦੀਆਂ ਦੁੱਧਲ ਛਾਤੀਆਂ ਨੂੰ
ਕਿ ਬੰਦੇ ਦੀ ਹਯਾਤੀ ਇਹਨਾਂ ਚਸ਼ਮਿਆਂ ਦੀ
ਹਯਾਤੀ ਨਾਲ ਜੁੜੀ ਹੋਈ......
ਕੂਲੀਆਂ ਜਵਾਨ ਬਾਹਵਾਂ ਨੂੰ
ਬੱਚੇ ਦੇ ਸੁਬਕ ਹੱਥਾਂ ਨੂੰ
ਕਣਕ ਦੇ ਜਵਾਨ ਸਿੱਟਿਆਂ ਨੂੰ
ਆ ਪਿਆਰ ਕਰੀਏ
ਥਾਂ ਥਾਂ ਤੋਂ ਪਾਟੀ ਹੋਈ, ਝੁਲਸੀ ਹੋਈ
ਵੰਡੀ ਹੋਈ ਧਰਤੀ ਨੂੰ......
ਅਮਨ ਦੀ ਕਿਤਾਬ ਨੂੰ
ਜਿਹੜੀ ਵਰਕਾ ਵਰਕਾ ਉਧੜਦੀ ਪਈ
ਔਰਤ ਦੇ ਸਮੁੰਦਰ ਜਿਸਮ ਨੂੰ
ਵੈਰਾਗ ਨੂੰ !
ਰਾਗ ਨੂੰ !
ਸਾਗਰ ਦੀ ਦੀਵਾਨਗੀ ਨੂੰ.
ਸੱਚ ਦੇ ਕਾਲੇ ਚਿਹਰੇ ਨੂੰ
ਹੋਠਾਂ ਦੀ ਕਰਾਹ ਨੂੰ
ਆ ਪਿਆਰ ਕਰੀਏ
ਕਲਮ ਦੀ ਤਿੱਖੀ ਮੁਸਕ੍ਰਾਹਟ ਨੂੰ

ਉਹਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ
ਤੇ ਉਹ,
ਅਪਣੀ ਸਜਰੀ ਨਜ਼ਮ ਗੁਣਗੁਣਾ ਰਹਿਆ
ਗਾ ਰਹਿਆ
ਗਾਈ ਜਾ ਰਹਿਆ......:

# ਕੈਨੇਡਾ ਦੇ ਚਾਰ ਕਵੀ

(ਗੁਰਚਰਨ ਰਾਮਪੁਰੀ)

## ਲੋਕਾਂ ਦਾ ਦਰ

ਹੈ ਦਿਲ ਦਿਲਬਰ ਤੋਂ ਮੋੜ ਲਿਆ
ਪਰ ਫੇਰ ਗੰਵਾਈਂ ਬੈਠੇ ਹਾਂ ।
ਤੇਰਾ ਦਰ ਛੱਡ, ਲੋਕਾਂ ਦੇ ਦਰ
ਅੱਜ ਅਲਖ ਜਗਾਈ ਬੈਠੇ ਹਾਂ ।

ਦਰ ਏਹੋ ਬਿਜਲੀਆਂ ਵੰਡਦਾ ਹੈ,
ਟੁੱਟੀਆਂ ਨੂੰ ਮੁੜਕੇ ਗੰਢਦਾ ਹੈ,.
ਇਕ ਚਿਣਗ ਲਈ ਇਸ ਦਰ ਸਾਹਵੇਂ
ਝੋਲੀ ਫੈਲਾਈ ਬੈਠੇ ਹਾਂ ।

ਜ਼ੁਲਫਾਂ ਦੀ ਛਾਂ ਨਸ਼ਿਆਉਂਦੀ ਏ,
ਪਲ ਭਰ ਲਈ ਰੱਬ ਬਣਾਉਂਦੀ ਏ,
ਪਰ ਜੱਗ ਦੀ ਜ਼ੁਲਫ ਸੰਵਾਰਨ ਲਈ
ਹੁਸਨਾਂ ਨੂੰ ਭੁਲਾਈ ਬੈਠੇ ਹਾਂ ।

ਲੱਭੀ ਸੀ ਕਣੀ ਪਿਆਰਾਂ ਦੀ
ਸ਼ਹੁ ਸਾਗਰ ਵਿਚ ਗੁਆਚ ਗਈ,
ਸਮਿਆਂ ਦੇ ਗ਼ਮ ਵਿਚ ਤੇਰੇ ਗ਼ਮ
ਦੇ ਨਕਸ਼ ਗੰਵਾਈ ਬੈਠੇ ਹਾਂ ।

ਇਕ ਚਿਣਗੋਂ ਲਾਟ ਬਣਾਵਾਂਗੇ,
ਲਹਿਰੋਂ ਤੂਫਾਨ ਉਠਾਵਾਂਗੇ,
ਸਬਰਾਂ ਦੇ ਕੱਖਾਂ ਵਿੱਚ ਅਸੀਂ
ਇਕ ਅੱਗ ਲੁਕਾਈ ਬੈਠੇ ਹਾਂ ।

ਇਸ ਦਰੋਂ ਮੁਰਾਦਾਂ ਪਾਵਾਂਗੇ,
ਧਰਤੀ ਤੇ ਸੁਰਗ ਲਿਆਵਾਂਗੇ,
ਅੰਬਰ ਨੂੰ ਬੁੱਕਲ ਲੈਣ ਲਈ,
ਬਾਹਾਂ ਫੈਲਾਈ ਬੈਠੇ ਹਾਂ ।

(ਗੁਰਮੇਲ ਸਿੰਘ ਰਾਹੀ)

## ਗੀਤ

ਦੇ ਦੇ ਵੇ ਤਿੱਪ ਚਾਨਣ ਦਾ ।
ਚਾਨਣ-ਸਰ ਦੇ ਮਾਲਕਾ ।
ਦੇ ਦੇ ਵੇ ਤਿੱਪ ਚਾਨਣ ਦਾ

ਬੇ-ਓੜਕ ਹੀ ਯੁੱਗ ਬੀਤ ਗਏ
ਸਾਡਾ ਚਾਨਣ ਖੋ ਕੇ ਲੈ ਗਏ ।
ਤੇਰੇ ਦਰ ਅਰਜ਼ੋਈਆਂ ਢੋਈਏ
ਕੋਸੇ ਕੋਸੇ ਹੰਝੂ ਚੋਈਏ ।
ਅਸੀਂ ਵਿਹੂਣੇ ਅੱਜ ਨਹੀਂ ਤੁਰਨਾ
ਕਰ ਸਾਡੀ ਪਹਿਚਾਣ
ਸਮਾਂ ਪਹਿਚਾਨਣ ਦਾ ।
ਦੇ ਦੇ ਵੇ ਤਿੱਪ ਚਾਨਣ ਦਾ ।

ਹਿੰਮਤ ਨੇ ਸਾਨੂੰ ਚੇਟਕ ਲਾਈ ।
ਨਾਲ ਭਰੋਸੇ ਦਰ ਲੈ ਆਈ ।
ਸਰਮ ਸਮੇਂ ਦੀ ਹੁੱਝਾਂ ਮਾਰੇ ।
ਕੰਸਣ ਸਾਨੂੰ ਕੂਟਾਂ ਚਾਰੇ ।
ਗਿੱਠ ਗਿੱਠ ਸਾਨੂੰ ਚੜ੍ਹ ਗਈ ਲਾਲੀ–
ਤੱਕ ਜ਼ਰਾ ਵੇ ਰੂਪ
ਸਮੇਂ ਦੀ ਹਾਨਣ ਦਾ ।
ਦੇ ਦੇ ਵੇ ਤਿੱਪ ਚਾਨਣ ਦਾ ।

ਚਾਨਣ ਸਰ ਦੇ ਮਾਲਕਾ ।
ਦੇ ਦੇ ਵੇ ਤਿੱਪ ਚਾਨਣ ਦਾ ।

(ਗਿੱਲ ਮੋਰਾਂਵਾਲੀ)

## ਅੱਧ-ਕੱਟਿਆ ਸਰੀਰ

ਜ਼ਿੰਦਗੀ ਦੀ
ਘੁਪ ਹਨੇਰੀ ਰਾਤ ਵਿਚ
ਮੈਂ ਚਾਨਣ ਦੀ ਗੱਲ ਛੇੜੀ
ਹਨੇਰੇ ਦੀ ਓਟ ਲੈ ਕੇ
ਚਾਨਣ ਦਾ ਝੂਠਾ
ਢੌਂਗ ਰਚਣ ਵਾਲੇ ਲੋਕਾਂ ਨੇ,
ਮੇਰੀ ਜੀਭ ਕੱਟ ਦਿਤੀ ।

ਤੇ ਜਦ
ਧਰਤੀ ਦੇ ਹਨੇਰੇ ਵਿਹੜੇ ਵਿਚ
ਚਾਨਣ ਲਈ
ਦੀਪ ਜਗਾਉਣ ਦਾ
ਮੈਂ ਹੌਸਲਾ ਕੀਤਾ,
ਮਨੁੱਖ ਦਾ ਭਵਿੱਖ
ਸੁਹਣਾ-ਸੁਨੱਖਾ ਬਣਾਉਣ ਦੇ
ਝੂਠੇ ਦਾਅਵੇਦਾਰਾਂ ਨੇ,
ਮੇਰੇ ਹੱਥ ਕੱਟ ਦਿਤੇ ।

ਮੇਰਾ ਅੱਧ-ਕੱਟਿਆ ਸਰੀਰ ਦੇਖ ਕੇ
ਬੁਝ ਰਹੇ
ਟਿਮਟਿਮਾਂਦੇ ਦੀਪ
ਮਿਟ ਰਹੇ
ਚੰਦ-ਸਿਤਾਰੇ
ਰੋਹ ਵਿਚ ਆਏ
ਭੜਕ ਉਠੇ
ਕਸਮ ਖਾਧੀ
ਮੇਰੇ ਕੱਟੇ ਹੋਏ ਅੰਗ
ਮੁੜ ਪਰਤਾ ਲਿਆਉਣ ਦੀ ।

ਮੇਰਾ ਅੱਧ-ਕੱਟਿਆ ਸਰੀਰ
ਆਸ਼ਾ ਦੀ ਨਵੀਂ ਸੁਲਗੀ
ਇਸ ਲਹਿਰ ਉਤੇ
ਵਿਸ਼ਵਾਸ ਕਰ ਕੇ
ਕੱਟੇ ਹੋਏ ਅੰਗ ਮੁੜ ਪਰਤ ਆਉਣ ਦੇ
ਸਮੇਂ ਦੀ ਉਡੀਕ ਵਿਚ ਹੈ ।

(ਸੁਰਿੰਦਰਪਾਲ ਸਿੰਘ ਪੰਜਲ)

## ਮੰਗਤੀ

ਪਹਿਲੀ ਹੀ ਲਿਸ਼ਕੋਰ ਸੂਰਜ ਦੀ ਪਈ
ਆਪਣੇ ਕੰਮ ਜੁਟ ਪਿਆ ਸੰਸਾਰ ਸੀ ।
ਚੁੱਕ ਠੂਠਾ ਸੋਚਦੀ ਇਉਂ ਤੁਰ ਪਈ
ਅਰਧ-ਕੱਜੀ ਮੰਗਤੀ ਮੁਟਿਆਰ ਸੀ:-

'ਰੋ ਰੋ ਬੱਚੇ ਚੁੱਪ ਕਰਕੇ ਸੌਂ ਗਏ
ਕਿੱਥੋਂ ਦੇਵਾਂ ਲੱਭ ਕੇ ਮੈਂ ਰੋਟੀਆਂ ?
ਚਿੱਤ ਕਰਦੈ, ਆਖਾਂ ਨੰਨ੍ਹੇ ਤਾਰਿਓ !
ਖਾ ਲਵੋ ਮੇਰੇ ਜਿਗਰ ਦੀਆਂ ਬੋਟੀਆਂ ।'

ਘੁੱਟ ਕੇ ਕਸਕਾਂ ਨੂੰ ਸੀਨੇ ਆਪਣੇ
ਜੀਵਣੇ ਦੀ ਲੈ ਕੇ ਪਰਬਲ ਆਸ ਉਹ ।
ਮਸਾਂ ਹੀ ਦੁੱਖਾਂ ਦੀ ਮਾਰੀ ਜਿੰਦੜੀ,
ਪਹੁੰਚਦੀ ਇਕ ਘਰ ਤੋਂ ਦੂਜੇ ਪਾਸ ਉਹ ।

ਬੁੱਕ ਆਟੇ ਵਾਸਤੇ ਮਿੰਨਤਾਂ ਕਰੇ
ਹੋ ਗਈ ਉਹ ਹਾਲ ਤੋਂ ਬੇਹਾਲ ਸੀ ।
ਹਰ ਕੋਈ ਪਰ ਦਰਦ ਉਹਦਾ ਭੁੱਲ ਕੇ
ਵੇਖਦਾ ਵੱਢ-ਖਾਣੀ ਨਜ਼ਰਾਂ ਨਾਲ ਸੀ ।

ਓਸਨੂੰ ਦੱਸੋ ਮੈਂ ਕੀ ਉੱਤਰ ਦਿਆਂ ?
ਪੁੱਛਦੀ ਜੋ ਹੈ ਦਰਦ ਦੀ ਦਾਸਤਾਂ—
'ਕੁੱਲੀ, ਜੁੱਲੀ, ਗੁੱਲੀ ਮਿਲਦੀ ਕਿਸ ਗਿਰਾਂ,
ਕੀ ਮੇਰਾ ਇਹੋ ਹੀ ਹੈ ਹਿੰਦੁਸਤਾਂ ?'

——— o ———

# ਕੈਨੇਡਾ ਦੀਆਂ ਨਵੀਆਂ ਕਲਮਾਂ

## 1. ਰੋਵੋ ਨਾ / ਸਾਧੂ ਸਿੰਘ ਬਿਲਿੰਗ

(ਮੋਗਾ ਗੋਲੀ ਕਾਂਡ 1972 ਦੇ ਸ਼ਹੀਦ-ਵਿਦਿਆਰਥੀਆਂ ਦੇ ਨਾਂ)

ਕੋਈ ਵੀ ਅੱਥਰੂ
ਰੋਵੋ ਨਾ!
ਮੋਤੀਆਂ ਤੋਂ ਵੱਡਮੁੱਲੇ
ਗੱਲ੍ਹਾਂ ਦੇ ਚਮਕਦੇ ਸਿਤਾਰੇ
ਦੁੱਖਾਂ, ਪਿਆਰਾਂ, ਖੁਸ਼ੀਆਂ ਦੇ ਅੱਥਰੂ
ਹਨ ਜ਼ਾਲਮ ਲਈ ਕਮਜ਼ੋਰੀ ਦੇ ਅੱਥਰੂ
ਕੋਈ ਵੀ ਅੱਥਰੂ
ਰੋਵੋ ਨਾ!

ਜੇ ਮਰ ਗਏ ਕੁਝ ਵਿਦਿਆਰਥੀ
ਖਾ ਸੀਨਿਆਂ ਵਿੱਚ ਗੋਲੀਆਂ
ਨਾ ਰੋਵੋ ਉਨ੍ਹਾਂ ਲਈ
ਵਿਚਾਰੇ ਜਿਨ੍ਹਾਂ ਨੂੰ
ਇਹ ਪੂਜਣ-ਯੋਗ ਅੱਥਰੂ
ਗੋਲੀ ਦੀ ਗੱਲ ਗੋਲੀ ਹੀ ਸਮਝੇ
ਗੋਲੀ ਨੂੰ ਵੀ ਸਮਝਾ ਸਕਦੇ ਨੇ ਅੱਥਰੂ
ਕੋਈ ਵੀ ਅੱਥਰੂ
ਰੋਵੋ ਨਾ!

ਸਾਂਭ ਰੱਖੋ ਅੰਦਰੇ ਪੀੜਾਂ ਦੇ ਨਾਲ ਹੀ
ਇਹ ਰੋਗ-ਜਲੀ ਦੇ ਤੁਪਕੇ
ਫਿਰ ਕਿਤੇ ਇਹਨਾਂ ਨੂੰ ਸ਼ਹੀਦਾਂ ਦੀ ਚਿਤਾ ਤੇ
ਜਦੋਂ ਪਹੁੰਚੋਗੇ ਉਹਨਾਂ ਦੇ ਨਿਸ਼ਾਨੇ ਤੇ ਤੁਸੀਂ
ਪਰ ਅਜੇ ਇਹ ਪਾਣੀ ਡੋਲ੍ਹੋ ਨਾ
ਕੋਈ ਵੀ ਅੱਥਰੂ
ਰੋਵੋ ਨਾ!

ਨਾ ਰੋਵੋ, ਐਵੇਂ ਗਾਲੋ ਅੱਖਾਂ ਨੂੰ
ਜ਼ਾਲਮ-ਛਾਤੀਆਂ ਦਾ ਨਿਸ਼ਾਨਾ ਰਹਿਣਾ ਹੈ ਅਜੇ
ਗਾਂਧੀ ਰਹਿਣਾ ਵੀ ਸਿਆਣਪ ਰਹੀ ਨਹੀਂ
ਗਾਂਧੀ ਦਾ ਨਾਂ ਵੀ ਹੁਣ ਤਾਂ
ਪੱਕਾ ਮਜ਼ਬੂਰੀ ਤੇ ਅੱਥਰੂ
ਕੋਈ ਵੀ ਅੱਥਰੂ
ਰੋਵੋ ਨਾ!

ਮਜ਼ਬੂਰੀ ਨੂੰ ਕੱਢੋ
ਜ਼ਿੰਦਗੀ ਦੇ ਵਿਚੋਂ -
ਹੱਸੋ ਵੀ ਨਾ, ਪੱਥਰ ਬਣ ਜਾਓ
ਜਾਂ ਵੱਜੋ ਜ਼ਾਲਮ ਬੰਦੂਕਾਂ ਦੇ ਵਿੱਚ
ਤੇ ਪਹੁੰਚ ਜਾਵੋ ਉੱਥੇ
ਜਿੱਥੇ ਜਾ ਕੇ ਹੱਸਣਾ ਹੈ
ਤੇ ਰੋਵਣੇ ਨੇ ਰੱਜ ਰੱਜ ਅੱਥਰੂ
ਪਰ, ਅਜੇ
ਕੋਈ ਵੀ ਅੱਥਰੂ
ਰੋਵੋ ਨਾਂ!
ਰੋਵੋ ਨਾਂ.........

---

## 1. ਵਾਤਾਵਰਨ / ਕਨੈਲ ਸਿੰਘ ਮਾਨ

ਬੀਤੇ ਰੋਣੇ ਦੀ
ਘੁੱਟਨ ਵਿੱਚ
ਜਦ ਕਦੀ ਆ ਜਾਵਾਂ,
ਬੀਤੇ ਰੋਣੇ ਦੀ
ਯਾਦ ਵਿੱਚ
ਦਬ ਜਾਣ ਦੀ
ਇੱਛਾ ਜਾਗਦੀ ਹੈ
ਜਜ਼ਬਾਤੀ ਰੌਆਂ
ਭੁੱਲਣ ਦੀ ਥਾਂ
ਵਹਿਣ ਵੱਲ
ਜਾਣ ਦਗਦੀਆਂ ਹਨ....
ਪਿੱਛੇ ਨੂੰ ਤੱਕਣ
ਜ਼ਮਾਨੇ ਨਾਲ ਸਿਆਣਪੀ ਰੌਣੀ
ਵਾਤਾਵਰਨ
ਅਗਾਂਹ-ਵਧੂ ਹੈ।

---

## 2. ਮਿੱਤਰ ਸ਼ਿਵ ਨੂੰ

ਓ ਬਿਰਹਾ ਦੇ ਸੁਲਤਾਨ!
ਤੇਰੇ ਨਾਲ ਵਾਅਦਾ ਸੀ.....

ਤੇਰਾ ਵਾਅਦਾ ਸੀ
ਕਦੀ ਕਰਾਂਗੇ
ਦਿਲ ਦੀ ਸਾਂਝੀ ਜ਼ੁਬਾਂ

ਕੀਹਨੂੰ ਪੁੱਛਾਂ -
ਤੂੰ ਕਿੱਥੇ ਗਿਆਂ

ਕਿਉਂ ਪੁੱਛਾਂ -
ਤੂੰ ਤਾਂ
ਮੇਰੇ ਦਿਲ ਵਿੱਚ ਪਿਆਂ

ਸੁਣਿਆ
ਕਿ ਤੂੰ
ਮਰ ਗਿਆਂ

ਨਹੀਂ... ਨਹੀਂ...
ਤੂੰ ਤਰ ਗਿਆਂ

ਤੂੰ ਤਾਂ ਵਾਅਦਾ ਕਰਕੇ
ਤੋੜ ਗਿਆ
ਸਾਨੂੰ ਰੋਇਆਂ
ਪਿੱਛੇ ਛੱਡ ਗਿਆ

ਦੇਖ!
ਇਹ ਅੱਥਰੂ
ਤੇਰੀ ਹੀ ਬਿਰਹਾ ਦੇ ਦਿੱਤੇ ਹੋਏ
ਆਪਣੇ ਕੋਲ ਨੂੰ
ਕੌਲ ਤੱਕ ਉਡੀਕਣਗੇ ....

---

## 2. ਦੋ ਦੇਸ਼ / ਸਾਧੂ ਸਿੰਘ ਬਿਲਿੰਗ

ਸਾਲਾਂ ਦੇ ਸਾਲ ਬੀਤੇ ਨੇ
ਦੁਨੀਆਂ ਦੇ ਹਰ ਜ਼ਿੰਦਾ ਦਿਲ ਇਨਸਾਨ ਨੇ
ਕਈ ਵਾਰੀ ਹੰਝੂ ਕੇਰੇ ਨੇ
ਤੇ ਦਾਦ ਦਿੱਤੀ ਹੈ
ਤੇਰੇ ਕਾਰਨਾਂ ਨੂੰ -
ਓ ਵੀਅਤਨਾਮ!
ਆਜ਼ਾਦੀ ਤੇ ਮੌਤ ਦੇ ਆਸ਼ਕ
ਜਵਾਨਾਂ ਦੇ ਵੀਅਤਨਾਮ
ਤੈਨੂੰ ਪਰਣਾਮ ਹੈ !!

ਸਾਲਾਂ ਦੇ ਸਾਲ ਬੀਤੇ ਨੇ
ਦੁਨੀਆਂ ਦੇ ਇਨਸਾਫ਼-ਪਸੰਦ ਲੋਕਾਂ ਨੇ
ਕਈ ਵਾਰੀ ਹੰਝੂ ਕੇਰੇ ਨੇ
ਤੇ ਲਾਹਨਤਾਂ ਪਾਈਆਂ ਹਨ
ਤੇਰੀ ਕਰਨੀ ਤੇ -
ਓ ਅਮਰੀਕਾ!
ਪੈਸੇ ਤੇ ਕਾਮ ਦੇ ਆਸ਼ਕ
ਜਵਾਨਾਂ ਦੇ ਅਮਰੀਕਾ
ਤੈਨੂੰ ਲਾਹਨਤ ਹੈ !!

## ਗ਼ਜ਼ਲ

(ਭੁਪਿੰਦਰ ਧਾਲੀਵਾਲ)

ਚੰਨ ਵੰਨੀ ਮੈਂ ਝਾਤ ਜਦੋਂ ਵੀ ਪਾਈ ਹੈ।
ਆਪਣੇ ਚੰਨ ਦੀ ਯਾਦ ਤਦੋਂ ਹੀ ਆਈ ਹੈ।

ਰੋਜ਼ ਉਡੀਕਾਂ ਓਸ ਕਿਰਨ ਨੂੰ ਬਾਂਹ ਧੂਹੇ,
ਸਰਦ-ਸਿੱਲ੍ਹਾਂ ਦੇ ਸੀਨੇ ਜਿਸ ਅੱਗ ਲਾਈ ਹੈ।

ਸ਼ੈ ਵਫ਼ਾ ਕੋਈ ਦੁਨੀਆਂ ਵਿੱਚ ਹੈ, ਹੋਵੇਗੀ,
ਬੇਵਫ਼ਾਈ ਸਾਡੇ ਹਿੱਸੇ ਆਈ ਹੈ।

ਦੁੱਧ ਦੇ ਮੋਤੀਆਂ ਵਰਗੇ-ਚਿੱਟੀ ਦੋਸਤੀਆਂ,
ਦੋਸਤੀਆਂ ਤੇ ਕੇਹੀ ਸ਼ਾਮਤ ਧਾਈ ਹੈ।

ਦਾਅਵਾ ਸੀ ਕਿ ਸੱਤ ਸਾਗਰ ਤਰ 'ਜਾਂਗੇ,
ਆਪਣੇ ਹੰਝੀਂ ਫਿਰ ਡੁੱਬਣ ਤੇ ਆਈ ਹੈ।

ਆਪਣੀ ਹੀ ਤਸਵੀਰ ਜਦੋਂ ਅੱਜ ਤੱਕੀ ਮੈਂ,
ਸੱਤ ਬੇਗਾਨੀ ਏਤੋ ਨਜ਼ਰਾਂ ਆਈ ਹੈ।

ਮੈਖ਼ਾਨੇ ਵੱਲ ਉਸ ਨੂੰ ਭੁੱਲਣ ਤੁਰਿਆ ਜਾਂ,
ਯਾਦ ਓਸਦੀ ਹੋਈ ਦੂਣ-ਸਵਾਈ ਹੈ।

ਜਿੰਨ੍ਹਾਂ ਅੱਖੀਆਂ ਦੇ ਵਿੱਚ ਤਾਰੇ ਉੱਗਦੇ ਸਨ,
ਅੱਜ ਉਨ੍ਹਾਂ ਵਿੱਚ ਕਾਲਖ਼ ਕਿਥੋਂ ਛਾਈ ਹੈ।

ਕੀਕੁਰ ਕਰੀਏ ਸ਼ਿਕਵਾ 'ਭਿੰਦਰ' ਕਿਸਮਤ ਤੇ,
ਕਿਸਮਤ ਜਿਸ ਦੇ ਦਰ ਤੇ ਚੱਲਕੇ ਆਈ ਹੈ!



## ਗ਼ਜ਼ਲ

(ਕਿਰਨਜੀਤ)

ਅਦਾ ਵੀ ਥਾਂ ਲੈਂਦਾ ਹਾਂ ਤੇਰਾ ਨਾਮ, ਪੀ ਕੇ।
ਮਸਜਿਦ 'ਚ ਜਦੋਂ ਵੀ ਜਾਂਦਾ ਹਾਂ ਜਾਮ, ਪੀ ਕੇ।

ਡੁਬਦੇ ਸੂਰਜ ਦੀ ਲਾਲੀ ਤੋਂ ਇੰਞ ਲਗਦੈ,
ਤੇਰੇ ਹੋਠਾਂ ਤੋਂ ਆਈ ਹੈ ਸ਼ਾਮ, ਪੀ ਕੇ।

ਅੱਗੇ ਨਹੀਂ ਸੀ ਕੀਤਾ, ਤੇਰੀ ਵਫ਼ਾ ਦਾ ਚਰਚਾ,
ਹੁਣ ਤੇ ਕਰਦਾ ਫਿਰਾਂਗਾ ਸ਼ਰੇ-ਆਮ, ਪੀ ਕੇ।

ਸੋਫ਼ੀ ਸਾਂ ਤਾਂ ਦੁਨੀਆਂ ਨੇ ਬਦਨਾਮ ਕੀਤਾ,
ਹੋਇਆ ਕੀ ਹੋਇਆਂ ਜੇ ਬਦਨਾਮ, ਪੀ ਕੇ।

ਸਹਿ ਨਹੀਂ ਸਕਦਾ ਡੁਬਦੇ ਸੂਰਜ ਦਾ ਗ਼ਮ,
ਇਸੇ ਲਈ ਗੁਜ਼ਾਰਦਾ ਹਾਂ ਹਰ ਸ਼ਾਮ, ਪੀ ਕੇ।

ਕੱਢਣ ਲਈ ਕੱਪੜਾ ਨਾ ਕਬਰ ਲਈ ਜ਼ਿਮੀਂ,
ਇਹੋ ਮਿਲਿਆ ਮੈਨੂੰ ਹੈ ਇਨਾਮ, ਪੀ ਕੇ।



## 'ਨਵੀਆਂ ਕਲਮਾਂ' ਦੇ ਨਾਂ

(ਸੁਰਿੰਦਰਪਾਲ ਸਿੰਘ ਪੰਜਲ)

ਕੈਨੇਡਾ ਦੇ ਨੌਜਵਾਨ ਪੰਜਾਬੀ ਲੇਖਕਾਂ ਨੂੰ ਸੁਨੇਹਾ ਹੈ: ਸੁਹਣਾ ਲਿਖੋ, ਆਪਣੇ ਲੋਕਾਂ ਲਈ ਲਿਖੋ, ਆਪਣੇ ਲੋਕਾਂ ਦੇ ਦੁੱਖ ਲਿਖੋ, ਉਨ੍ਹਾਂ ਦੇ ਹੱਲ ਸੋਚੋ.... ਤੁਸੀਂ 'ਵਤਨੋਂ ਦੂਰ' ਹਾਂ, ਪਰ ਦਿਲ ਤੋਂ ਦੂਰ ਤਾਂ ਨਾ ਹੋਵੀਏ...... 'ਵਤਨੋਂ ਦੂਰ' ਨੂੰ ਤੁਹਾਡੀਆਂ ਰਚਨਾਵਾਂ ਦਾ ਇੰਤਜ਼ਾਰ ਹੈ.... ਬਿਨਾਂ ਕਿਸੇ ਵਿਤਕਰੇ ਦੇ ਹਰ ਚੰਗੀ ਤੇ ਉਸਾਰੂ-ਰਚਨਾ ਲਈ 'ਵਤਨੋਂ ਦੂਰ' ਦੇ ਸਾਰੇ ਪੰਨੇ ਹਾਜ਼ਰ ਹਨ।

ਸਮਾਂ ਬਦਲ ਗਿਆ ਹੈ... ਚੰਨ ਦੀ ਝਾਤ ਤੋਂ ਲੋਕ-ਸ਼ਕਤੀ ਦੀ ਝਾਤ ਉਚੀ ਹੋ ਗਈ ਹੈ.... ਹੰਝੂ ਤਾਂ ਮੋਤੀਆਂ ਤੋਂ ਵੀ ਵਡਮੁੱਲੇ ਨੇ......ਤੁਰ ਗਏ ਮਿੱਤਰ ਤੋਂ ਲੋਕਾਂ ਦਾ ਗ਼ਮ ਮਹਾਨ ਹੈ.... ਵਾਤਾਵਰਣ ਅਗਾਂਹ-ਵਧੂ ਹੈ.... ਇਸ ਲਈ ਮੀਨਾ-ਨਸ਼ੀ ਦੇ ਤੁਪਕੇ ਸਾਂਭ ਕੇ ਰੱਖੋ... ਸਮਾਂ ਆਵੇਗਾ ਇਹ ਰੱਜ ਕੇ ਪੀਆਂਗੇ, ਅੱਥਰੂ ਵੀ ਰੋੜ੍ਹਾਂਗੇ- ਪਰ ਜਿੱਤ ਭਰੀ ਖ਼ੁਸ਼ੀ ਦੇ!

ਕਿਰਨਜੀਤ! ਪੀਵਿਆ ਨਾ ਕਰ ਯਾਰ... ਭਲਾ ਸ਼ਿਵ ਕੁਮਾਰ ਨੇ ਪੀ ਕੇ ਕੀ ਖੱਟ ਲਿਆ.. ਗਵਾਇਆ!

ਭੁਪਿੰਦਰ! ਕਿਸਮਤ ਨੇ ਚੱਲਕੇ ਆਪਣੇ ਦਰ ਤੇ ਨਹੀਂ ਆਉਣਾ... ਚੰਨ ਦੀ ਚੰਦਰ ਤੋਂ ਸੂਰਜ ਦੀ ਤਪਸ਼ ਮਹਾਨ ਹੈ... ਦਰਵਾਜ਼ੇ ਤਾਂ ਭੰਨਣੇ, ਤੋੜਨੇ, ਖੜਕਾਉਣੇ ਹੀ ਪੈਣਗੇ!

ਕਰਨੈਲ! ਜ਼ਮਾਨੇ ਨਾਲ ਜ਼ਿਆਦਤੀ ਨਹੀਂ ਕਰਨੀ... ਚੰਗਾ!... ਬਥੇਰੇ ਮਿੱਤਰ ਮਿਲ ਜਾਣਗੇ .....

ਸਾਧੂ! ਬੱਸ, ਸੁਆਦ ਦੇ ਲਿਆਂ ਯਾਰ... ਪਰ ਇੱਕ ਵਾਰ ਤਾਂ ਅੱਖਾਂ ਭਰ ਹੀ ਆਈਆਂ ਸਨ...... ਚੰਗਾ, ਫੇਰ ਦੇਖਾਂਗੇ...

# ਕਹਾਣੀ-ਭਾਗ

ਗੱਲ ਦੋ-ਟੁੱਕ ਕਰਨੀ ਹੋਵੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਅੱਜ ਦੀ ਪੰਜਾਬੀ ਕਹਾਣੀ ਦੂਜੀਆਂ ਸਾਰੀਆਂ ਭਾਰਤੀ-ਬੋਲੀਆਂ ਤੋਂ ਕਿਸੇ ਤਰ੍ਹਾਂ ਵੀ ਪਿੱਛੇ ਨਹੀਂ।

ਪਿਛਲੇ ਦਹਾਕੇ ਵਿੱਚ ਬਾਕੀ ਸਾਹਿੱਤ-ਰੂਪਾਂ (ਖਾਸ ਕਰਕੇ ਕਵਿਤਾ) ਦੇ ਨਾਲ ਪੰਜਾਬੀ ਕਹਾਣੀ ਨੇ ਹੈਰਾਨੀ-ਜਨਕ ਤਰੱਕੀ ਕੀਤੀ ਹੈ। ਵਿਗਿਆਨਕ ਦ੍ਰਿਸ਼ਟੀਕੋਣ, ਮਨੋ-ਵਿਗਿਆਨਕ ਡੂੰਘਾਣੀ, ਨਿੱਕੇ-ਵੱਡੇ ਰਲਦੇ-ਮਿਲਦੇ ਵਿਸ਼ਿਆਂ ਦੀ ਨਵੀਨ-ਢੰਗ ਦੀ ਚਿੱਤਰਕਾਰੀ ਅਤੇ ਡੰਗ ਵਰਗਾ ਵਿਅੰਗ ਅੱਜ ਦੀ ਪੰਜਾਬੀ ਕਹਾਣੀ ਦੇ ਪ੍ਰਮੁੱਖ-ਲੱਛਣ ਹਨ।

ਆਪਣੇ ਕਹਾਣੀ-ਭਾਗ ਵਿੱਚ ਅਸੀਂ ਪੁਰਾਣੇ ਕਹਾਣੀਕਾਰਾਂ - ਸੇਖੋਂ, ਦੁੱਗਲ, ਸੁਜਾਨ ਸਿੰਘ, ਗੁਰਬਖਸ਼ ਸਿੰਘ, ਅੰਮ੍ਰਿਤਾ, ਕੰਵਲ, ਸਰਨਾ ਤੇ ਵਿਰਕ ਆਦਿਕ ਦੇ ਨਾਲ - ਬੂਟਾ ਸਿੰਘ, ਜਗਜੀਤ ਸਿੰਘ ਆਹੂਜਾ, ਗੁਲਜ਼ਾਰ ਸਿੰਘ ਸੰਧੂ, ਰਾਮ ਸਰੂਪ ਅਣਖੀ, ਗੁਰਚਰਨ ਸਿੰਘ ਢੁੱਡੀਕੇ, ਸੰਤੋਖ ਸਿੰਘ ਧੀਰ, ਗੁਰਦੇਵ ਰੁਪਾਣਾ, ਗੁਰਦੇਲ ਪੰਨੂ, ਕੇਵਲ ਸੂਦ, ਬਲਵੰਤ ਗਾਰਗੀ, ਜਸਵੰਤ ਸਿੰਘ ਵਿਰਦੀ, ਗੁਰਦਿਆਲ ਸਿੰਘ, ਪ੍ਰੇਮ ਪ੍ਰਕਾਸ਼, ਬਲਬੀਰ ਮੋਮੀ, ਨਵਤੇਜ, ਅਜੀਤ ਕੌਰ, ਦਲੀਪ ਕੌਰ ਟਿਵਾਣਾ ਆਦਿਕ - ਅਤੇ ਅਸੀਂ ਹੀ ਨਵੇਂ ਕਹਾਣੀਕਾਰਾਂ - ਵਰਿਆਮ ਸਿੰਘ ਸੰਧੂ, ਫ਼ਕੀਰ ਚੰਦ ਤੁੱਲੀ, ਮੁਖ਼ਤਾਰ ਗਿੱਲ, ਤੇਜਵੰਤ ਮਾਨ, ਜੋਗਿੰਦਰ ਸਿੰਘ ਨਿਰਾਲਾ, ਸੀ. ਮਾਰਕੰਡਾ, ਅਤਰਜੀਤ, ਜਸਵਿੰਦਰ, ਸ. ਤਰਸੇਮ, ਗੁਲ-ਚੌਹਾਨ, ਪ੍ਰੇਮ ਗੋਰਖੀ, ਸਮਸ਼ੇਰ ਸਿੰਘ ਸੰਧੂ, ਗੁਰਪਾਲ ਪਵੱਟੀ, ਮੋਹਨ ਭੰਡਾਰੀ, ਸੁਰਜੀਤ ਹਾਂਸ, ਹਮਦਰਦਵੀਰ, ਭੁਪਿੰਦਰ ਸੂਦਨ, ਗੁਰਚਰਨ ਨਾਗ ਭੀਖੀ - ਦੀਆਂ (ਅਤੇ ਇਸ ਅੱਧ-ਦਹਾਕੀ ਅਧੂਰੀ ਲਿਸਟ ਤੋਂ ਰਹਿ ਗਏ ਕਹਾਣੀਕਾਰਾਂ ਦੀਆਂ) ਨਵੀਆਂ-ਪੁਰਾਣੀਆਂ ਕਹਾਣੀਆਂ ਪਾਠਕਾਂ ਦੀ ਭੇਟ ਕਰਦੇ ਰਹਾਂਗੇ; ਤਾਂ ਕਿ ਉਹ ਆਪਣੀ ਨਿਜੀ-ਰਾਇ ਕਾਇਮ ਕਰ ਸਕਣ।

(ਸੰਪਾਦਕ)

## 1. ਬੇਵਸ

(ਜਸਵੰਤ ਸਿੰਘ ਕੰਵਲ)

ਰਾਤ ਅੱਧੋਂ ਟਪ ਚੁੱਕੀ ਸੀ, ਪਰ ਮਹਿਫਲ ਮਸਤੀ ਵਿਚ ਤਰਾਰੇ ਬੰਨ੍ਹੀ ਚਲ ਰਹੀ ਸੀ । ਜਾਗੀਰਦਾਰ ਸੁਖਚੈਨ ਸਿੰਘ ਦੀ ਬੈਠਕ ਲੰਮੀ ਚੌੜੀ ਹਵੇਲੀ ਦੇ ਦੂਜੇ ਸਿਰੇ, ਬਾਹਰਾਹ ਤੇ ਲਗਦੀ ਸੀ, ਪਰ ਕਦੇ ਕਦੇ ਸੁਰ ਤਾਲ ਵਿਚ ਵਜਦੀ ਤਾੜੀ ਅਤੇ ਘੁੰਗਰੂਆਂ ਦੀ ਘੁੰਮੇਰ ਪਾਂਦੀ ਛਣਕਾਰ ਸੁਖਚੈਨ ਦੀ ਕਬੀਲਦਾਰੀ ਤੱਕ ਪੁੱਜ ਜਾਂਦੀ। ਉਂਜ ਵੀ ਜਦੋਂ ਘਰ ਦੇ ਇਕ ਹਿੱਸੇ ਵਿਚ ਰੰਗਲੀ ਮਹਿਫਲ ਜੁੜੀ ਹੋਵੇ, ਬਾਕੀ ਜੀਆਂ ਦਾ ਧਿਆਨ ਖਿੱਚਿਆ ਜਾਣਾ ਸੁਭਾਵਕ ਹੁੰਦਾ ਹੈ।

ਜਾਗੀਰਦਾਰ ਸੁਖਚੈਨ ਸਿੰਘ ਦੇ ਘਰਵਾਲੀ ਗੁਰਨਾਮ ਕਰ ਦੀ ਸੁਰਤੀ, ਆਖਰੀ ਪਾਠ ਕੀਰਤਨ ਸੋਹਲਾ ਵਿਚੋਂ ਉਖੜ ਉਖੜ ਜਾਂਦੀ ਰਹੀ ਸੀ। ਅਜਿਹੀਆਂ ਮਜਲਸਾਂ ਆਏ ਦਿਨ ਜੁੜੀਆਂ ਹੀ ਰਹਿੰਦੀਆਂ ਸਨ। ਆਮ ਤੌਰ ਤੇ ਸ਼ਰਾਬ, ਔਰਤ ਅਤੇ ਮੁਜਰੇ ਆਦ ਧਤਾਂ, ਜਾਗੀਰਦਾਰੀ ਨੂੰ ਹੋਰ ਜਾਇਦਾਦ ਨਾਲ ਵਿਰਾਸਤ ਵਿਚ ਮਿਲਦੀਆਂ ਹਨ। ਗੁਰਨਾਮ ਕੌਰ ਲਈ ਇਹ ਸਭ ਕੁਝ ਸਹਿਣ ਕਰਨਾ ਜ਼ਹਿਰ ਪੀਣ ਦੇ ਤੁੱਲ ਸੀ। ਉਹ ਦਰਮਿਆਨੇ ਜੱਟ ਘਰਾਣੇ ਵਿਚੋਂ ਆਈ ਸੀ। ਕਦੇ ਉਹਦਾ ਕੁਦਰਤੀ ਹੁਸਨ, ਜਵਾਨ ਸੁਖਚੈਨ ਨੂੰ ਭਾਅ ਗਿਆ ਸੀ। ਉਹਦੇ ਜਜ਼ਬਾਤੀ ਵੇਗ ਨੇ ਲਟਬੌਰਾ ਹੋ ਕੇ ਗੁਰਨਾਮ ਕੌਰ ਦਾ ਸਾਕ ਆਪਣੇ ਪਿਤਾ ਰਾਹੀਂ ਮੰਗ ਲਿਆ। ਫਿਰ ਉਹ ਮਨ ਮਰਜ਼ੀ ਦਾ ਵਿਆਹ ਕਰਵਾ ਕੇ ਛੇਤੀ ਹੀ ਉਚਾਟ ਹੋ ਗਿਆ। ਕਿਉਂਕਿ ਗੁਰਨਾਮ ਕੌਰ ਨੇ ਪੂਰੀ ਜਾਗੀਰਦਾਰਨੀ ਬਣ ਕੇ ਵੀ ਉਸ ਦੀਆਂ ਰੰਗੀਨ ਧਤਾਂ ਦਾ ਸਾਥ ਨਹੀਂ ਦਿੱਤਾ ਸੀ। ਪਹਿਲੀ ਉਮਰ ਵਿਚ ਉਹ ਸੁਖਚੈਨ ਨੂੰ ਹਟਕ ਹੋੜ ਨਾ ਸਕੀ। ਇਕ ਤਾਂ ਮਧਵਰਗ ਵਿਚੋਂ ਆਈ ਸੀ ਤੇ ਹੀਣ ਭਾਵ ਕੁਝ ਆਖਣ ਦੀ ਦਲੇਰੀ ਨਹੀਂ ਫੜਦੇ ਸਨ। ਦੂਜੇ ਉਹ ਵਿਆਹ ਕਾਰਨ ਸੁਖਚੈਨ ਦੀ ਸ਼ੁਕਰ ਗੁਜ਼ਾਰ ਵੀ ਸੀ। ਤੀਜੇ ਖਾਣ ਪੀਣ ਦੀ ਜਵਾਨ ਉਮਰ ਨੂੰ ਮਾਹੌਲ ਅਨੁਸਾਰ ਮੁਖ ਰਖਦਿਆਂ, ਉਸ ਖੁਲ੍ਹ-ਖੇਡ ਨੂੰ ਬਹੁਤਾ ਗੌਲਿਆ ਨਾਂ। ਸਸ ਆਖਦੀ ਸੀ : ਵਛੇਰਾ ਐ, ਚਾਰ ਦੁਲੱਤੇ ਲਾ ਕੇ ਮੁੜ ਕਿੱਲੇ ਆ ਬੱਝੇਗਾ। ਪਰ ਸੁਖਚੈਨ ਨੇ ਅਜਿਹੀ ਪਿਛਾੜੀ ਤੁੜਾਈ ਕਿ ਕਿੱਲੇ ਕੰਡਿਆਲੇ ਦਮਾਗੋਂ ਹੀ ਕੱਢ ਛੱਡੇ। ਸਰਾਬ ਨਾਲ ਉਹ ਚਰ ਕਰਨ ਨੂੰ ਤਕੜਾ ਸੀ। ਭਾਵੇਂ ਹੱਥ ਹਿੱਲਣ ਲਗ ਪਏ ਸਨ; ਪਰ ਆਪਣੀ ਸਿਹਤ ਬਾਰੇ ਉਸ ਨੂੰ ਹਾਲੇ ਵੀ

ਅਭਿਮਾਨ ਸੀ। ਉਹ ਟੌਅਰ ਨਾਲ ਆਖਦਾ :

> ਤ੍ਰਿਰੀਆ ਜੁਆਨੀ ਪਾਂਚ ਬਰਸ, ਢੱਗਾ ਨੌ ਸਾਲਾ।
> ਘੋੜੇ ਜੁਆਨੀ ਬੀਸ ਬਰਸ, ਜੇ ਮਿਲੇ ਮਸਾਲਾ।
> ਮਰਦ ਜੁਆਨੀ ਸਾਠ ਬਰਸ, ਜੇ ਰਹੇ ਸੁਖਾਲਾ।

ਜਦੋਂ ਸੁਖਚੈਨ ਦੀਆਂ ਆਵਾਰਗੀਆਂ ਨੂੰ ਕਿਵੇਂ ਵੀ ਨੱਥ ਨਾ ਪਈ, ਗੁਰਨਾਮ ਕੌਰ ਹੇਰਵੇ ਨਾਲ ਮਾਂਦੀ ਪੈਂਦੀ ਗਈ। ਜਾਇਦਾਦ ਇਯਾਸ਼ੀ ਵਿਚ ਬਾਰੂਦ ਵਾਂਗ ਉਡ ਰਹੀ ਸੀ। ਮੁਜ਼ਾਰਿਆਂ ਆਪਣੇ ਹੱਕ ਦੀ ਰੱਟ ਵਿਚ ਭੌਲੀ ਚਕੌਤੇ ਰੋਕ ਲਏ। ਕਰਜ਼ੇ ਦਾ ਪਹਾੜ ਦਾਦਿਆਂ ਪੜਦਾਦਿਆਂ ਦੀ ਹਵੇਲੀ ਨੂੰ ਥਾਂ ਥਾਂ ਤੋਂ ਦਰਾੜਾਂ ਦੇ ਚੁੱਕਾ ਸੀ। ਇਕੋ ਇਕ ਮੁੰਡੇ ਨੇ ਕਾਲਜ ਤਿਆਗ ਦਿੱਤਾ। ਪਿਉ ਦੇ ਪੈਰਾਂ ਤੇ ਤੁਰਦਿਆਂ ਉਸ ਛੇਤੀ ਹੀ ਪੁੱਠੇ ਚਾਲੇ ਫੜ ਲਏ। ਉਹਦੀ ਇਕ ਲੱਤ ਦਿੱਲੀ ਹੁੰਦੀ ਤੇ ਦੂਜੀ ਬੰਬਈ। ਪਿਉ ਪੁੱਤ ਦੇ ਚੱਜ ਅਚਾਰ ਵੇਖ ਕੇ ਮਾਂ ਨੂੰ ਤਿੰਨਾਂ ਜਵਾਨ ਧੀਆਂ ਦਾ ਫਿਕਰ ਵੱਢ ਵੱਢ ਖਾਣ ਲੱਗਾ। ਉਹ ਸੋਚਦੀ, ਅਜਿਹੀ ਨਿਘਰਦੀ ਹਾਲਤ ਵਿਚ ਇਨ੍ਹਾਂ ਮਾਸੂਮ ਘੁਗੀਆਂ ਦਾ ਕੀ ਬਣੇਗਾ ? ਵੱਡੀ ਦਲੀਪ ਨੂੰ ਪੰਜਵੀਂ ਵਿਚੋਂ ਇਸ ਲਈ ਹਟਾ ਲਿਆ ਸੀ ਕਿ ਜਾਗੀਰਦਾਰਾਂ ਦੀਆਂ ਧੀਆਂ ਕਿਹੜਾ ਨੌਕਰੀ ਕਰਨੀ ਹੈ। ਹੁਣ ਉਸ ਦੀ ਉਮਰ ਪੱਚੀਆਂ ਨੂੰ ਆ ਲੱਗੀ ਸੀ। ਵਿਆਹ ਦੀ ਗੱਲ ਤਾਂ ਦੂਰ ਰਹੀ, ਉਸ ਦਾ ਕਿਤੇ ਨਾਂ ਥਾਂ ਵੀ ਨਹੀਂ ਲਿਆ ਸੀ। ਪਹਿਲੇ ਵਿਆਹ ਜਾਗੀਰੀ ਠਾਠ ਨਾਲ ਕੀਤੇ ਸਨ; ਹੁਣ ਨੱਕ ਰਖਣਾ ਵੀ ਔਖਾ ਹੋ ਰਿਹਾ ਸੀ, ਵਿਚਾਲੜੀ ਕੁੜੀ ਨੂੰ ਮਾਂ ਨੇ ਲੜ ਝਗੜ ਕੇ ਦਸਵੀਂ ਕਰਵਾ ਦਿੱਤੀ ਸੀ। ਉਮਰ ਦੇ ਇੱਕੀਵੇਂ ਸਾਲ ਤੱਕ ਉਸ ਅਸੀਲ ਗਾਂ ਵਾਂਗ ਕਦੇ ਧੌਣ ਨਹੀਂ ਚੁੱਕੀ ਸੀ। ਸਭ ਤੋਂ ਛੋਟੀ ਅਰਵੇਲ ਬੀ. ਏ. ਵਿਚ ਪੜ੍ਹਦੀ ਸੀ। ਮਾਂ ਦੀਆਂ ਸਮਝੌਤੀਆਂ ਦੇ ਬਾਵਜੂਦ ਉਹ ਮੂੰਹ ਫੱਟ ਸੀ। ਭਰਾ ਦੀਆਂ ਗ਼ਲਤ ਗੱਲਾਂ ਅਗੇ ਆਕੜ ਖਲੋਂਦੀ। ਪਰ ਅੰਦਰੇ ਅੰਦਰ ਕੁੜ੍ਹਨ ਤੇ ਵੀ ਉਹ ਆਪਣੇ ਪਿਤਾ ਸਾਹਮਣੇ ਨਹੀਂ ਆਈ ਸੀ। ਮਾਂ ਦੀ ਛਾਤੀ ਦੇ ਦੁਖ ਨੂੰ ਮਹਿਸੂਸ ਕਰਦੀ ਉਹ ਕਈ ਵਾਰ ਬਿਫਰ ਪੈਂਦੀ। ਮਾਂ ਉਹਦੇ ਕੁਝ ਬੋਲਣ ਤੋਂ ਪਹਿਲਾਂ ਮੂੰਹ ਅਗੇ ਹੱਥ ਕਰ ਦੇਂਦੀ। ਉਹਨੂੰ ਖਿੱਝ ਚੜ੍ਹਦੀ ਬੇ ਜੀ ਦਾ ਹੱਥ ਵਗਾਹ ਕੇ ਪਰਵਾਹਰੀ ਹੋ ਜਾਵਾਂ।

ਨੌਕਰ ਤੀਜੀ ਵਾਰ ਜਾ ਕੇ ਮੁੜ ਆਇਆ ਸੀ। ਰੋਟੀ ਦੋ ਵਾਰ ਗਰਮ ਕੀਤੀ ਜਾ ਚੁੱਕੀ ਸੀ। ਚੌਧਵੀਂ ਦਾ ਚੰਦ ਪੱਛਮ ਨੂੰ ਉਲਾਰ ਹੋ ਤੁਰਿਆ ਸੀ। ਗੁਰਨਾਮ ਕੌਰ ਦੀ ਨੀਂਦ ਇਕ ਤਰਾਂ ਹਮੇਸ਼ਾਂ ਲਈ ਭਟਕ ਚੁੱਕੀ ਸੀ। ਅਜ ਤਿੰਨੇ ਧੀਆਂ ਵੀ ਉਸਲਵੱਟ ਲੈ ਰਹੀਆਂ ਸਨ। ਤਬਲੇ ਦੀਆਂ ਧਾਫਾਂ

ਪਿਉ-ਪੁੱਤ ਦੇ ਚੱਜ
ਅਚਾਰ ਵੇਖਕੇ ਮਾਂ
ਨੂੰ ਤਿੰਨਾਂ ਜਵਾਨ
ਧੀਆਂ ਦਾ ਫਿਕਰ
ਵੱਢ-ਵੱਢ ਖਾਣ ਲੱਗਾ।
ਉਹ ਸੋਚਦੀ, ਅਜਿਹੀ
ਨਿਘਰਦੀ ਹਾਲਤ ਵਿੱਚ
ਇਨ੍ਹਾਂ ਮਾਸੂਮ ਘੁੱਗੀਆਂ
ਦਾ ਕੀ ਬਣੇਗਾ......

'ਪਟਾਕ ਪਟਾਕ' ਉਨ੍ਹਾਂ ਦੇ ਸਿਰਾਂ ਵਿਚ ਪੈ ਰਹੀਆਂ ਸਨ। ਕੋਈ ਕੋਈ ਦਰਦਨਾਕ ਹੇਕ ਸੀਨਾ ਸੱਲ ਜਾਂਦੀ। ਸੁਖਚੈਨ ਨੂੰ ਬੇਪਰਵਾਹ ਮਸਤੀ ਵਿਚ ਕੁਝ ਵੀ ਪਤਾ ਨਹੀਂ ਸੀ; ਸਾਰਾ ਹਰਮ ਲਹੂ ਲੁਹਾਣ ਹੋਇਆ ਪਿਆ ਹੈ। ਉਹ ਆਪਣੇ ਹਾਣੀ ਸਾਥੀਆਂ ਵਿਚ ਕੰਬਦੇ ਹੱਥਾਂ ਨਾਲ ਜਾਮ ਤੇ ਚੜ੍ਹਾਈ ਜਾ ਰਿਹਾ ਸੀ। ਗੁਰਨਾਮ ਕੌਰ ਨੇ ਧੀਆਂ ਦੇ ਭਰੇ ਮੰਜਿਆਂ ਵਲ ਵੇਖ ਕੇ ਲਮਾ ਹਾਉਕਾ ਲਿਆ।

"ਹੇ ਵਾਹਿਗੁਰੂ ! ਇਸ ਘਰ ਦਾ ਕੀ ਹਾਲ ਹੋਵੇਗਾ।"

ਤਣੇ ਪੀਚੇ ਮਾਹੌਲ ਵਿਚੋਂ ਅਰਵੇਲ ਤੜਪ ਕੇ ਉਠ ਪਈ। ਉਸ ਮਿੰਨ੍ਹੇ ਚਾਨਣ ਵਿਚ ਮਾਂ ਦੀਆਂ ਭਰੀਆਂ ਅੱਖਾਂ ਵਿਚ ਸਭ ਤੋਂ ਪਹਿਲਾਂ ਆਪੇ ਨੂੰ ਭੈਣਾਂ ਸਮੇਤ ਡੁਬਦਿਆਂ ਤੱਕਿਆ। ਫਿਰ ਨਿੱਕੀ ਇੱਟ ਦੀ ਦਾਦਿਆਂ ਪੜਦਾਦਿਆਂ ਦੀ ਹਵੇਲੀ ਨੂੰ ਗਰਕਦਿਆਂ ਵੇਖਿਆ। ਉਸ ਅਨੁਭਵ ਕੀਤਾ, ਕਿਆਮਤ ਚੰਗਾੜ ਪਈ ਹੈ ਜਿਹੜੀ ਕਿਸੇ ਤੇ ਵੀ ਰਹਿਮ ਨਹੀਂ ਖਾਵੇਗੀ।

ਵੱਡੀ ਦਲੀਪ ਨੇ ਤਾੜਦਿਆਂ ਸਿਰ ਚੁੱਕਿਆ ਅਤੇ ਰਜਾਈ ਦਾ ਲੜ ਵਗਾਂਹਦਿਆਂ ਅਰਵੇਲ ਤੋਂ ਪੁੱਛਿਆ,

"ਕਿੱਥੇ ਚਲੀ ਏ ?"

"ਜਿਥੇ ਜਾਣਾ ਚਾਹੀਦਾ ਏ।"

"ਤੂੰ ਓਥੇ ਜਾਵੇਂਗੀ ?" ਦਲੀਪ ਦੀਆਂ ਖਾਨਿਓਂ ਗਵਾਚ ਗਈਆਂ।

"ਕਿਉਂ ਉਹ ਘਰ ਦਾ ਹਿੱਸਾ ਨਹੀਂ ? ਅਰਵੇਲ ਦੇ ਬੋਲ ਵਿਚ ਰਾਖਵੀਂ ਸਖਤੀ ਸੀ।

"ਵਾਹਿਗੁਰੂ ਆਖ ਧੀਏ! ਚੁੱਪ ਵੱਟ, ਉਹਨੂੰ ਸਭ ਦੀ ਫਿਕਰ ਐ।" ਮਾਂ ਨੇ ਧੀ ਨੂੰ ਰਬੀ ਭਰੋਸੇ ਵਿਚ ਲਿਆਉਣਾ ਚਾਹਿਆ।

"ਵਾਹਿਗੁਰੂ ਫਿਕਰ ਕਰ ਕਰਕੇ ਬੇ ਜੀ ਬੁੱਢਾ ਹੋ ਗਿਆ ਏ। ਹੁਣ ਉਹਨੂੰ ਤੇਰੇ ਵਾਂਗ ਕੋਈ ਨਹੀਂ ਪੁੱਛਦਾ।"

"ਨਾ ਮੇਰੀ ਰਾਣੀ, ਸਾਊ ਧੀਆਂ ਮਾਪਿਆਂ ਸਾਹਮਣੇ ਨਹੀਂ ਹੁੰਦੀਆਂ।"

"ਬੇ ਜੀ, ਮੇਰੇ ਕੋਲੋਂ ਤੁਹਾਡੇ ਵਾਂਗ ਜ਼ਹਿਰ ਨਹੀਂ ਹਜ਼ਮ ਹੁੰਦੀ।" ਉਸ ਬਾਰ ਖੋਲ੍ਹ ਲਿਆ।

ਉਸ ਨੂੰ ਤਾਮ ਤੜ੍ਹਕ ਵੇਖ ਕੇ ਦਲੀਪ ਨੇ ਬਾਹੋਂ ਆ ਫੜਿਆ।

"ਵੇਲੋ ! ਨਾ ਮੇਰੀ ਬੀਬੀ ਭੈਣ।" ਵੱਡੀ ਨੇ ਵਾਸਤਾ ਪਾਇਆ। "ਪਿਤਾ ਜੀ ਦੀ ਕੀ ਰਹੂਗੀ, ਜੇ ਤੂੰ ਇਕ ਵੀ ਬੋਲ ਬੋਲ ਦਿੱਤਾ।"

"ਭੈਣ ਜੀ !" ਕੁੜੀ ਨੇ ਧੀਰਜ ਵਾਲੀ ਉਤੇਜਨਾ ਨਾਲ ਉੱਤਰ ਦਿੱਤਾ। "ਜਦੋਂ ਮੌਤ ਬੂਹੇ ਤੇ ਖਲੋ ਕੇ ਪੁੱਛੇ : ਤਪਦਿਕ ਨਾਲ ਮਰਨਾ ਹੈ ਕਿ ਖੁਦਕਸ਼ੀ ਨਾਲ ? ਤਦ ਮੈਂ ਆਖਾਂਗੀ, ਬਹਾਦਰੀ ਨਾਲ ਲੜਦਿਆਂ।"

ਕੁੜੀ ਨੇ ਝਟਕੇ ਨਾਲ ਬਾਂਹ ਛੁਡਾ ਲਈ।

ਦਲੀਪ ਨੇ ਉਹਨੂੰ ਵਿਹੜਾ ਚੀਰਦੀ ਨੂੰ ਭਜ ਕੇ ਫੜਨਾ ਚਾਹਿਆ; ਪਰ ਉਸ ਮਹਿਫਲ ਦੇ ਬਾਰ ਨੂੰ ਧੱਕਾ ਜਾ ਮਾਰਿਆ। ਉਸ ਦੀ ਇਸ ਕਰਤੂਤ ਤੇ ਦਲੀਪ ਦਾ ਤਰਾਹ ਨਿਕਲ ਗਿਆ। ਉਸ ਪਿਛਲੇ ਪੈਰੀਂ ਅੰਦਰ ਵੜਦਿਆਂ ਬਾਰ ਲਾ ਲਿਆ। ਬੈਠਕ ਦੇ ਤਖਤਿਆਂ ਉਤੇ ਦੋਹਰੀਆਂ ਧਾਫਾਂ ਪੈ ਰਹੀਆਂ ਸਨ। ਹਰਮ ਦੇ ਸਾਰੇ ਕੰਨ ਪਤਲੇ ਪੈ ਕੇ ਬੈਠਕ ਨਾਲ ਜਾ ਜੁੜ।

"ਓਏ ਹਰਾਮ ਦਿਆ! ਤੈਨੂੰ ਸੌ ਵਾਰ ਜੋ ਆਖਿਆ ਏ, ਹਾਲੇ ਰੋਟੀ ਨਹੀਂ ਖਾਣੀ।" ਸੁਖਚੈਨ ਨੇ ਗਰਜਵੀਂ ਆਵਾਜ਼ ਵਿਚ ਪੁਕਾਰਿਆ। ਕਿਉਂਕਿ ਠੁਮਰੀ ਦਾ ਸਾਰਾ ਸੁਆਦ ਵਦ ਹੋ ਗਿਆ ਸੀ।

"ਪਿਤਾ ਜੀ, ਮੈਂ ਆਂ ਅਰਵੇਲ, ਬੂਹਾ ਖੋਲੋ?" ਕੁੜੀ ਨੇ ਸਬਰ ਹੱਥ ਰਖਦਿਆਂ ਤਸੱਲੀ ਨਾਲ ਆਖਿਆ। ਜ਼ਨਾਨੀ ਆਵਾਜ਼ ਸੁਣ ਕੇ ਘੁੰਗਰੂ ਗੂੰਗੇ ਤੇ ਸਰੰਗੀ ਥਾਏਂ ਸਾਹ ਘੁਟ ਗਈ।

"ਅਰਵੇਲ......!" ਸੁਖਚੈਨ ਹੈਰਾਨ ਹੀ ਰਹਿ ਗਿਆ। ਤੂੰ ਕੀ ਲੈਣ ਆਈ ਏ, ਦੌੜ ਜਾਹ।" ਉਹ ਇਕ ਦਮ ਔਖਾ ਹੋ ਗਿਆ।

"ਪਿਤਾ ਜੀ, ਮੈਂ ਜਾਣ ਵਾਸਤੇ ਨਹੀਂ ਆਈ?" ਉਸ ਦੋ ਤਿੰਨ ਮੁੱਕੀਆਂ ਤਖਤਿਆਂ ਤੇ ਹੋਰ ਧਰ ਦਿੱਤੀਆਂ।

ਕੁੜੀ ਦੇ ਠਰੱਮੇਦਾਰ ਖੜਕਵੇਂ ਬੋਲਾਂ ਨਾਲ ਅੰਦਰਲੀ ਮਹਿਫਲ ਵਿਚ ਹਲਚਲ ਪੈਦਾ ਹੋ ਗਈ। ਸਾਰੇ ਇਕ ਦੂਜੇ ਦੇ ਮੂੰਹ ਵੇਖਣ ਲੱਗ ਪਏ। ਉਨ੍ਹਾਂ ਦੇ ਪੈਰਾਂ ਹੇਠਾਂ ਕੋਈ ਭੁਚਾਲ ਪਾਸਾ ਪਰਤ ਰਿਹਾ ਸੀ। ਸੁਖਚੈਨ ਦੀ ਸਾਰੀ ਸ਼ਰਾਬ ਲੱਥ ਗਈ। ਉਸ ਸਮਝਦਾਰੀ ਤੋਂ ਕੰਮ ਲੈਂਦਿਆਂ ਨਰਮੀ ਨਾਲ ਆਖਿਆ।

"ਬੀਬਾ ਤੂੰ ਜਾਹ, ਸਾਊ ਕੁੜੀਆਂ ਨਹੀਂ ਏਥੇ ਆਉਂਦੀਆਂ ਹੁੰਦੀਆਂ।"

ਸੁਖਚੈਨ ਦੇ ਬੋਲ ਸੁਣ ਕੇ ਤਵਾਇਫ ਨੇ ਉਸ ਨੂੰ ਕਾਟਵੀਂ ਨਜ਼ਰ ਨਾਲ ਤੱਕਿਆ, ਜਿਵੇਂ ਕੋਈ ਤੀਰ ਉਸਦੀ ਹਯਾ ਨੂੰ ਜ਼ਖਮੀ ਕਰ ਗਿਆ ਸੀ।

"ਜਿਹੜੇ ਸਾਊ ਕੰਮ ਬਾਪ ਕਰਦੇ ਹੋਣ, ਉਹ ਸਾਊ ਧੀਆਂ ਨੂੰ ਕਿਉਂ ਨਹੀਂ ਕਰਨੇ ਚਾਹੀਦੇ।" ਕੁੜੀ ਆਪਣੀ ਥਾਂ ਡਟੀ ਹੋਈ ਸੀ।

"ਜਿਹੜੇ ਸਾਊ
ਕੰਮ ਬਾਪ ਕਰਦੇ
ਹੋਣ, ਉਹ ਸਾਊ
ਧੀਆਂ ਨੂੰ ਕਿਉਂ
ਨਹੀਂ ਕਰਨੇ ਚਾਹੀਦੇ।"

- - - - - - - - - - -
- - - - - - - - - -

ਜਾਗੀਰਦਾਰ ਦਾ ਮਾਨਸਕ ਪੱਧਰ ਵਿਗੜ ਗਿਆ ਉਸ ਭੁਵਕਦਿਆਂ ਕਿਹਾ,

"ਮੈਂ ਤੈਨੂੰ ਆਂਹਦਾ ਆਂ, ਫੌਰਨ ਚਲੀ ਜਾਹ, ਵਰਨਾ ਮੈਥੋਂ ਬੁਰਾ ਕੋਈ ਨਹੀਂ?"

"ਦਰਵਾਜ਼ਾ ਫੌਰਨ ਖੋਲ੍ਹ ਦਿਓ, ਵਰਨਾ ਮੈਥੋਂ ਬੁਰਾ ਕੋਈ ਨਹੀਂ; ਨਹੀਂ ਤਾਂ ਇਹਦੀਆਂ ਅਜ ਫੱਟੀਆਂ ਉਡਾ ਦਿਆਂਗੀ।" ਅਰਵੇਲ ਨੇ ਸਾਰੇ ਜ਼ੋਰ ਨਾਲ ਬਾਰ ਨੂੰ ਲੱਤ ਮਾਰੀ। ਉਸ ਵਿਚ ਕੋਈ ਜ਼ਖਮੀ ਸ਼ੀਹਣੀ ਭਬਕਾਰ ਉਠੀ ਸੀ।

"ਠਹਿਰ ਬੇਹਯਾ, ਤੈਨੂੰ ਮੈਂ ਦਸਦਾ ਆਂ......।" ਸੁਖਚੈਨ ਕੰਬਦੇ ਹੱਥਾਂ ਤੇ ਹਿਲਦੇ ਸਿਰ ਨਾਲ ਅਗਾਂਹ ਵਧਿਆ। ਤਵਾਇਫ ਨੇ ਉਸ ਨੂੰ ਰੁਕਣ ਲਈ ਹੱਥ ਦਿੱਤਾ ਅਤੇ ਬੈਠਕ ਦੀ ਅਰਲ ਆਪ ਲਾਹ ਦਿੱਤੀ।

ਅਰਵੇਲ ਧੱਕਾ ਦੇ ਕੇ ਅੰਦਰ ਆ ਗਈ। ਉਸ ਨੂੰ ਸਾਹ ਚੜ੍ਹਿਆ ਹੋਇਆ ਸੀ। ਜਾਗੀਰਦਾਰ ਦੀ ਸਾਰੀ ਢਾਣੀ ਦੇ ਆਨੇ, ਨਸ਼ਾ ਲਹਿ ਕੇ ਪੁੱਠੇ ਹੋਣ ਨੂੰ ਆਏ ਹੋਏ ਸਨ। ਕੁੜੀ ਦੀਆਂ ਪਹਿਲੀਆਂ ਨਜ਼ਰਾਂ ਸਾਂਵਲੀ, ਪਰ ਖੂਬਸੂਰਤ ਨਾਚੀ ਨਾਲ ਟਕਰਾਈਆਂ। ਉਸ ਪਿਤਾ ਅਤੇ ਉਹਦੇ ਹਾਣੀ ਤਾਇਆਂ ਚਾਚਿਆਂ ਦੀ ਪਰਵਾਹ ਕਰੇ ਬਿਨਾ ਤਵਾਇਫ ਨੂੰ ਆਖਿਆ,

"ਘੁੰਗਰੂ ਲਾਹ ਦੇਹ, ਮੈਂ ਵੀ ਤੇਰੇ ਨਾਲ ਨੱਚਾਂਗੀ?"

"ਬਾਪ ਰੇ!" ਨਾਚੀ ਨੇ ਖੁਲ੍ਹੇ ਮੂੰਹ ਅਗੇ ਹੱਥ ਰੱਖ ਲਿਆ। ਸਾਰਿਆਂ ਉਂਗਲਾਂ ਮੂੰਹ ਪਾ ਲਈਆਂ। "ਕਿਉਂ, ਤੂੰ ਵੀ ਤਾਂ ਇਕ ਧੀ ਏਂ। ਖਬਰੇ ਸਾਡਾ ਹਸ਼ਰ ਤੇਰੇ ਨਾਲੋਂ ਵੀ ਭੈੜਾ ਹੋਵੇ।"

'ਤੜਾਅਕ' ਕਰਦਾ ਥੱਪੜ ਅਰਵੇਲ ਦੀ ਗੱਲ੍ਹ ਤੇ ਆ ਪਿਆ।

"ਬੇਸ਼ਰਮ ਕਿਤੋਂ ਦੀ!" ਸੁਖਚੈਨ ਦਾ ਸਾਰਾ ਢਾਂਚਾ ਡੋਲ਼ ਗਿਆ, ਉਹ ਡਿੱਗਦਾ ਡਿੱਗਦਾ ਮਸੀਂ ਸੰਭਲਿਆ।

ਅਰਵੇਲ ਨੇ ਆਪਣਾ ਚੌੜਾ ਹੱਥ ਖੋਲ੍ਹ ਕੇ ਇਕ ਵਾਰ ਜੋਹਿਆ। ਸਾਰਿਆਂ ਨੂੰ ਯਕੀਨ ਹੋ ਗਿਆ ਕਿ ਕੁੜੀ ਬਾਪ ਦੇ ਜ਼ਰੂਰ ਮਾਰੇਗੀ। ਪਰ ਉਹ ਮਾਰਿਆ ਨਹੀਂ। ਉਸ ਦਾ ਰੋਹ ਚਪੇੜ ਨਾਲ ਜ਼ਰਬ ਖਾ ਗਿਆ।

"ਕਲ ਕਲੋਤਰ ਨੂੰ ਜਦੋਂ ਅਸੀਂ ਤਿੰਨੇ ਭੈਣਾਂ ਮੁਸ਼ਤੰਡਿਆਂ ਵਿਚ ਨੱਚਾਂਗੀਆਂ, ਓਦੋਂ ਜਾਗੀਰਦਾਰ ਸੁਖਚੈਨ ਸਿੰਘ ਦੀ ਸ਼ਰਮ ਕਿੱਥੇ ਹੋਵੇਗੀ? ਇਕ ਮੋਏ ਬਾਪ ਦੇ ਮਾਰਦਿਆਂ ਧੀ ਨੂੰ ਲੱਜਾ ਜ਼ਰੂਰ ਆਉਂਦੀ ਐ।"

ਸੁਖਚੈਨ ਲੱਕੜ ਦਾ ਬੁੱਤ ਹੋ ਗਿਆ। ਸਭ ਦੇ ਹਵਾਸ ਮਾਰੇ ਜਾ ਚੁੱਕੇ ਸਨ। ਸ਼ਰਾਬ, ਪਿਆਲੇ, ਸਰੰਗੀ ਤੇ ਜੋੜੀ, ਗੱਲ ਕੀ ਸਭ ਕੁਝ ਮਿੱਟੀ ਮਿੱਟੀ ਹੋ ਗਿਆ। ਅਖੀਰ ਅੱਖਾਂ ਭਰਦਿਆਂ ਤਵਾਇਫ ਨੇ ਅਰਵੇਲ ਦੇ ਹੱਥ ਫੜ ਲਏ ਤੇ ਬੋਲੀ:

"ਕਾਸ਼! ਦਸ ਵਰ੍ਹੇ ਪਹਿਲਾਂ ਮੈਂ ਵੀ ਇਹ ਜੁਰੱਅਤ ਕਰ ਸਕਦੀ।"

---


ਪ੍ਰਸਿੱਧ ਨਾਵਲਕਾਰ ਅਤੇ ਕਹਾਣੀਕਾਰ ਜਸਵੰਤ ਸਿੰਘ ਕੰਵਲ
ਦੀਆਂ ਕੁਝ ਮਹਾਨ - ਰਚਨਾਵਾਂ :

ਸੰਧੂਰ, ਰੂਪ ਦੇ ਰਾਖੇ, ਜ਼ਿੰਦਗੀ ਦੂਰ ਨਹੀਂ, ਕੰਡੇ, ਰੂਹ ਦਾ ਹਾਣ
( ਕਹਾਣੀ - ਸੰਗ੍ਰਹਿ )

ਰਾਤ ਬਾਕੀ ਹੈ, ਪੂਰਨਮਾਸ਼ੀ, ਰੂਪਧਾਰਾ, ਸਿਵਲ ਲਾਈਨਜ਼, ਬਰਫ਼ ਦੀ ਅੱਗ
( ਨਾਵਲ )

## 2.

# ਇੱਕ ਜੀਵੀ ਇੱਕ ਰਤਨੀ ਤੇ ਇੱਕ ਸੁਪਨਾ

< ਅੰਮ੍ਰਿਤਾ ਪ੍ਰੀਤਮ >

"ਪਾਲਕ ਇਕ ਆਨੇ ਗੱਠੀ, ਟਮਾਟਰ ਛੇ ਆਨੇ ਰੱਤਲ (ਅੱਧ ਸੇਰ) ਤੇ ਹਰੀਆਂ ਮਿਰਚਾਂ ਆਨੇ ਢੇਰੀ......" ਪਤਾ ਨਹੀਂ ਸਬਜ਼ੀ ਵੇਚਣ ਵਾਲੀ ਅਰੈਣ ਦਾ ਮੂੰਹ ਕਿਹੋ ਜਿਹਾ ਸੀ, ਮੈਨੂੰ ਜਾਪਿਆ, ਪਾਲਕ ਦੇ ਪੱਤਿਆਂ ਦੀ ਸਾਰੀ ਨਰਮਾਈ, ਟਮਾਟਰਾਂ ਦਾ ਸਾਰਾ ਰੰਗ ਤੇ ਹਰੀਆਂ ਮਿਰਚਾਂ ਦੀ ਸਾਰੀ ਖ਼ੁਸ਼ਬੂ ਉਹਦੇ ਮੂੰਹ ਉਤੇ ਮੱਲੀ ਹੋਈ ਸੀ।

ਇਕ ਬਾਲ ਉਹਦੀ ਝੋਲੀ ਵਿਚ ਦੁੱਧ ਚੁੰਘਦਾ ਪਿਆ ਸੀ। ਇਕ ਮੁੱਠ ਨਾਲ ਉਹਨੇ ਮਾਂ ਦੀ ਚੋਲੀ ਘੁਟੀ ਹੋਈ ਸੀ ਤੇ ਦੂਸਰਾ ਹੱਥ ਉਹ ਘੜੀ ਮੁੜੀ ਪਾਲਕ ਦੇ ਪੱਤਿਆਂ ਨੂੰ ਮਾਰਦਾ ਸੀ। ਮਾਂ ਕਦੇ ਉਹਦਾ ਹੱਥ ਪਿਛਾਂਹ ਕਰਦੀ ਸੀ, ਤੇ ਕਦੇ ਪਾਲਕ ਦੀ ਢੇਰੀ ਨੂੰ ਅਗਾਂਹ ਸਰਕਾਂਦੀ ਸੀ, ਪਰ ਜਦੋਂ ਉਹਨੂੰ ਅਗਲੇ ਪਾਸੇ ਉੜ ਕੇ ਕੋਈ ਸਬਜ਼ੀ ਸਵਾਹਰੀ ਕਰਨੀ ਪੈਂਦੀ ਸੀ, ਬੱਚੇ ਦਾ ਹੱਥ ਫੇਰ ਪਾਲਕ ਦੇ ਪੱਤਿਆਂ ਨੂੰ ਪੈ ਜਾਂਦਾ ਸੀ। ਅਰੈਣ ਨੇ ਆਪਣੇ ਬਾਲ ਦੀ ਮੁੱਠ ਖੋਲ੍ਹ ਕੇ ਪਾਲਕ ਦੇ ਪੱਤੇ ਛੁਡਾਂਦਿਆਂ ਇਕ ਘੂਰੀ ਵੱਟੀ, ਪਰ ਉਹਦੇ ਮੂੰਹ ਦਾ ਹਾਸਾ ਘੂਰੀ ਦੇ ਵੱਟਾਂ ਵਿਚ ਪੂਰਾ ਨਾ ਆਇਆ। ਸਾਹਮਣੇ ਪਈ ਹੋਈ ਸਾਰੀ ਸਬਜ਼ੀ ਉਤੇ ਇਕ ਤ੍ਰੌਂਕਾ ਫਿਰ ਗਿਆ। ਤੇ ਮੈਨੂੰ ਜਾਪਿਆ ਇਹੋ ਜਿਹੀ ਤਾਜ਼ੀ ਸਬਜ਼ੀ ਕਦੀ ਨਹੀਂ ਕਿਧਰੇ ਉੱਗੀ ਹੋਣੀ।

ਕਿੰਨੇ ਸਬਜ਼ੀ ਵੇਚਣ ਵਾਲੇ ਮੇਰੇ ਘਰ ਦੇ ਬੂਹੇ ਅਗੋਂ ਲੰਘਦੇ ਸਨ। ਕਦੇ ਅਵੇਰ ਸਵੇਰ ਵੀ ਹੁੰਦੀ, ਪਰ ਮੈਂ ਕਿਸੇ ਕੋਲੋਂ ਸਬਜ਼ੀ ਨਾ ਖ਼ਰੀਦ ਸਕਦੀ। ਰੋਜ਼ ਉਹਦਾ ਮੂੰਹ ਮੈਨੂੰ ਬੁਲਾਂਦਾ ਰਹਿੰਦਾ ਸੀ।

ਉਹਦੇ ਕੋਲੋਂ ਖ਼ਰੀਦੀ ਹੋਈ ਸਬਜ਼ੀ ਮੈਂ ਜਦੋਂ ਚੀਰਦੀ, ਧੋਂਦੀ ਤੇ ਪਤੀਲੇ ਵਿਚ ਚਾੜ੍ਹਦੀ — ਮੈਂ ਸੋਚਦੀ ਰਹਿੰਦੀ, ਉਹਦਾ ਮਰਦ ਕਿਹੋ ਜਿਹਾ ਹੋਵੇਗਾ, ਉਹ ਜਦੋਂ ਆਪਣੀ ਇਸ ਜ਼ਨਾਨੀ ਦਾ ਮੂੰਹ ਵੇਖਦਾ ਹੋਵੇਗਾ, ਇਹਦਾ ਮੂੰਹ ਆਪਣੇ ਮੂੰਹ ਨਾਲ ਛੋਂਹਦਾ ਹੋਵੇਗਾ, ਕੀ ਉਹਦੇ ਹੋਠਾਂ ਵਿਚ ਪਾਲਕ ਦਾ, ਟਮਾਟਰਾਂ ਦਾ ਤੇ ਹਰੀਆਂ ਮਿਰਚਾਂ ਦਾ ਸਾਰਾ ਸੁਆਦ ਘੁਲ ਜਾਂਦਾ ਹੋਵੇਗਾ ?

ਕਦੇ ਕਦੇ ਮੈਂ ਆਪਣੀਆਂ ਸੋਚਾਂ ਉਤੇ ਖਿਝ ਜਾਂਦੀ, ਇਸ ਅਰੈਣ ਦਾ ਮੂੰਹ ਕਿਉਂ ਮੇਰੇ ਖਹਿੜੇ ਪੈ ਗਿਆ ਸੀ ? ਇਨ੍ਹਾਂ ਦਿਨਾਂ ਵਿਚ ਮੈਂ ਇਕ ਗੁਜਰਾਤੀ ਨਾਵਲ ਪੜ੍ਹ ਰਹੀ ਸਾਂ। ਉਸ ਨਾਵਲ ਵਿਚ ਇਕ ਚਾਨਣ ਦੀ ਲੀਕ ਵਰਗੀ ਕੁੜੀ ਸੀ ਜੀਵੀ। ਇਕ ਮਰਦ ਉਹਦਾ ਮੂੰਹ ਵੇਖਦਾ ਹੈ, ਤੇ ਉਹਨੂੰ ਜਾਪਦਾ ਹੈ ਕਿ ਉਹਦੀ ਜ਼ਿੰਦਗੀ ਦੀ ਰਾਤ ਵਿਚ ਤਾਰਿਆਂ ਦੇ ਬੀਅ ਉੱਗ ਪਏ ਹਨ। ਉਹ ਹੱਥ ਲੰਬੇ ਕਰਦਾ ਹੈ, ਪਰ ਤਾਰੇ ਹੱਥ ਨਹੀਂ ਆਉਂਦੇ ਤੇ ਉਹ ਹਾਰ ਕੇ ਜੀਵੀ ਨੂੰ ਆਖਦਾ ਹੈ "ਤੂੰ ਮੇਰੇ ਪਿੰਡ ਵਿਚ ਕਿਸੇ ਆਪਣੀ ਜ਼ਾਤ ਦੇ ਬੰਦੇ ਨਾਲ ਵਿਆਹ ਕਰ ਲੈ। ਮੈਨੂੰ ਦੂਰੋਂ ਪਾਰੋਂ ਤੇਰਾ ਮੂੰਹ ਹੀ ਦਿਸਦਾ ਰਹੇਗਾ।" ਉਸ ਦਿਨ ਦਾ ਸੂਰਜ ਜਦੋਂ ਜੀਵੀ ਦਾ ਮੂੰਹ ਵੇਖਦਾ ਹੈ, ਉਹ ਇੰਜ ਲਾਲ ਹੋ ਜਾਂਦਾ ਹੈ ਜਿਵੇਂ ਕਿਸੇ ਨੇ ਕੁਆਰੀ ਕੁੜੀ ਨੂੰ ਛੇੜਿਆ ਹੋਵੇ।......ਕਹਾਣੀ ਦੇ ਧਾਗੇ ਲੰਬੇ ਹੋ ਜਾਂਦੇ ਹਨ ਤੇ ਜੀਵੀ ਦੇ ਮੂੰਹ ਉਤੇ ਦੁੱਖਾਂ ਦੀਆਂ ਲੀਕਾਂ ਪੈ ਜਾਂਦੀਆਂ ਹਨ।......ਇਸ ਜੀਵੀ ਦਾ ਮੂੰਹ ਵੀ ਅਜ ਕਲ ਮੇਰੇ ਖਹਿੜੇ ਪਿਆ ਹੋਇਆ ਸੀ, ਪਰ ਉਹਦੀਆਂ ਸੋਚਾਂ ਤੋਂ ਮੈਂ ਖਿਝਦੀ ਨਹੀਂ ਸਾਂ। ਉਹ ਤਾਂ ਦੁੱਖਾਂ ਦੀਆਂ ਲੀਕਾਂ ਸਨ, ਉਹੀ ਲੀਕਾਂ ਜੁ ਮੇਰੇ ਗੀਤਾਂ ਵਿਚ ਸਨ, ਤੇ ਲੀਕਾਂ ਲੀਕਾਂ ਨਾਲ ਰਲ ਜਾਂਦੀਆਂ ਹਨ।...ਪਰ ਇਹ ਅਰੈਣ......ਇਹਦੇ ਮੂੰਹ ਉਤੇ ਹਾਸੇ ਦੀਆਂ ਛਿੱਟਾਂ ਸਨ, ਇਹਦੇ ਮੂੰਹ ਉਤੇ ਇਕ ਰੱਜ ਦੇ ਕੇਸਰ ਦੀਆਂ ਤੁਰੀਆਂ ਸਨ, ਇਹਦੇ ਕੇਸਰ ਦੀਆਂ ਤੁਰੀਆਂ ਇਹਨੂੰ ਮੁਬਾਰਕ ਹੋਣ ਪਰ ਇਹਦਾ ਮੂੰਹ ਰੋਜ਼ ਮੈਨੂੰ ਕੀ ਆਖਦਾ ਸੀ।

ਅਗਲੇ ਦਿਨ ਮੈਂ ਆਪਣੇ ਪੈਰਾਂ ਨੂੰ ਰੋਕਿਆ ਕਿ ਮੈਂ ਉਹਦੇ ਕੋਲੋਂ ਸਬਜ਼ੀ ਖ਼ਰੀਦਣ ਨਹੀਂ ਜਾਵਾਂਗੀ। ਚੌਕੀਦਾਰ ਨੂੰ ਆਖਿਆ ਕਿ ਇਥੇ ਜਦੋਂ ਸਬਜ਼ੀ ਵੇਚਣ ਵਾਲਾ ਆਵੇ, ਤੂੰ ਮੇਰਾ ਬੂਹਾ ਖੜਕਾ ਦੇਵੀਂ।......ਬੂਹਾ ਖੜਕਿਆ। ਇਕ ਇਕ ਚੀਜ਼ ਨੂੰ ਮੈਂ ਹੱਥ ਲਾ ਕੇ ਵੇਖਿਆ, ਆਲੂ — ਪੋਲੇ ਤੇ ਖੁੱਡਾਂ ਵਾਲੇ। ਫ਼ਰਾਂਸਬੀਨ — ਜਿਵੇਂ ਫਲੀਆਂ ਦੇ ਪਿੰਡੇ ਵਿਚ ਦਾਣਿਆਂ ਦੇ ਦਿਲ ਸੁੱਕ ਗਏ ਹੋਣ। ਪਾਲਕ — ਜਿਵੇਂ ਉਹ ਸਾਰੇ ਦਿਨ ਦੀ ਧੂੜ ਫੱਕ ਕੇ ਡਾਢੀ ਥੱਕ ਗਈ ਹੋਵੇ — ਟਮਾਟਰ — ਜਿਵੇਂ ਉਹ ਭੁੱਖ ਨਾਲ ਵਿਲਕਦੇ ਸੌਂ ਗਏ ਹੋਣ। ਹਰੀਆਂ ਮਿਰਚਾਂ — ਜਿਵੇਂ ਕਿਸੇ ਨੇ ਉਨ੍ਹਾਂ ਦੇ ਸਾਹ ਵਿਚੋਂ ਖ਼ੁਸ਼ਬੂ ਕਢ ਲਈ ਹੋਵੇ।.. ਮੈਂ ਬੂਹਾ ਢੋ ਲਿਆ। ਤੇ ਮੇਰੇ ਪੈਰ ਮੇਰੇ ਆਖੇ ਤੋਂ ਬਾਹਰਿਆਂ ਹੋ ਕੇ ਉਸ ਸਬਜ਼ੀ ਵਾਲੀ ਦੇ ਰਾਹ ਵਲ ਤੁਰ ਪਏ।

ਅੱਜ ਉਹਦੇ ਕੋਲ ਉਹਦਾ ਮਰਦ ਵੀ ਸੀ। ਮੰਡੀਉਂ ਸਬਜ਼ੀ ਲੈ ਕੇ ਆਇਆ ਸੀ ਤੇ ਉਹਦੇ ਨਾਲ ਰਲ ਕੇ ਸਬਜ਼ੀਆਂ ਨੂੰ ਪਾਣੀ ਨਾਲ ਧੋਂਦਾ, ਥਾਉਂ ਥਾਈਂ ਰਖਦਾ ਤੇ ਭਾਅ ਬਣਾਂਦਾ ਪਿਆ ਸੀ।......ਉਹਦਾ ਮੂੰਹ ਸਿੰਞਾਤਾ ਸਿੰਞਾਤਾ......ਇਹਨੂੰ ਮੈਂ ਕਦੋਂ ਵੇਖਿਆ ਸੀ......ਕਿੱਥੇ ਵੇਖਿਆ ਸੀ......ਇਕ ਨਵੀਂ ਗੱਲ ਖਹਿੜੇ ਪੈ ਗਈ।

"ਤੁਸੀਂ ਬੀਬੀ !"

"ਮੈਂ......ਪਰ ਮੈਂ ਤੈਨੂੰ ਪਛਾਣਿਆਂ ਨਹੀਂ।"

"ਇਹਨੂੰ ਵੀ ਨਹੀਂ ਪਛਾਣਿਆਂ ? ਇਹ ਰਤਨੀ !"

"ਰਤਨੀ ? — ਕੌਣ ਰਤਨੀ ?"

"ਮੈਂ ਮਾਣਕੂ, ਇਹ ਰਤਨੀ।"

"ਮਾਣਕੂ......ਰਤਨੀ......" ਮੈਂ ਆਪਣੇ ਚੇਤਿਆਂ ਨੂੰ ਫਰੋਲਿਆ, ਪਰ ਮਾਣਕੂ ਤੇ ਰਤਨੀ ਕਿਤੇ ਲਭਦੇ ਨਹੀਂ ਸਨ।

"ਤਿੰਨ ਵਰ੍ਹੇ ਹੋ ਗਏ ਨੇ, ਸਗੋਂ ਮਹੀਨਾ ਉਤੇ ਹੋ ਗਿਆ ਏ। ਇਕ ਪਿੰਡ ਕੋਲ......ਖ਼ੌਰੇ ਕੀ ਨਾਂ ਸੀ ਉਹਦਾ......ਤੁਹਾਡੀ ਮੋਟਰ ਖ਼ਰਾਬ ਹੋ ਗਈ ਸੀ।"

"ਹਾਂ, ਹੋਈ ਤੇ ਹੈ ਸੀ।"

"ਤੇ ਤੁਸੀਂ ਉਥੋਂ ਇਕ ਲੰਘਦੇ ਟਰੱਕ ਵਿਚ ਬਹਿ ਕੇ ਧੂੜੀਏ ਆਏ ਸਾਉ, ਨਵਾਂ ਟਾਇਰ ਖ਼ਰੀਦਣ ਲਈ।"

"ਆਹੋ — ਆਹੋ —" ਤੇ ਫੇਰ ਮੇਰੇ ਚੇਤੇ ਵਿਚੋਂ ਮੈਨੂੰ ਮਾਣਕੂ ਤੇ ਰਤਨੀ ਲਭ ਪਏ।

ਰਤਨੀ ਉਦੋਂ ਕੱਚੀ ਗੰਦਲ ਵਰਗੀ ਇਕ ਕੁੜੀ ਸੀ। ਤੇ ਮਾਣਕੂ ਉਹਨੂੰ

ਬੇਗਾਨੇ ਖੇਤ ਵਿਚੋਂ ਤੋੜ ਲਿਆਇਆ ਸੀ। ਟਰੱਕ ਦਾ ਡਰਾਈਵਰ ਮਾਣਕੂ ਦਾ ਪੁਰਾਣਾ ਯਾਰ ਸੀ। ਉਹਨੇ ਮਾਣਕੂ ਨੂੰ ਰਤਨੀ ਦੇ ਭਜਾਣ ਵਿਚ ਮਦਦ ਦਿਤੀ ਸੀ। ਇਸ ਲਈ ਰਾਹ ਵਿਚ ਉਹ ਮਾਣਕੂ ਨਾਲ ਕਈ ਛੇੜਾਂ ਕਰਦਾ ਆਇਆ ਸੀ।

ਰਾਹ ਦੇ ਨਿੱਕੇ ਪਿੰਡਾਂ ਵਿਚ ਕਿਤੇ ਖ਼ਰਬੂਜ਼ੇ ਵਿਕਦੇ ਹੁੰਦੇ, ਕਿਤੇ ਤਰਾਂ, ਕਿਤੇ ਹਦਵਾਣੇ। ਤੇ ਮਾਣਕੂ ਦਾ ਯਾਰ ਮਾਣਕੂ ਨੂੰ ਉੱਚੀ ਦੇ ਕੇ ਆਖਦਾ — "ਡਾਢੀਆਂ ਲਵੀਆਂ ਤਰਾਂ ਨੀ, ਖ਼ਰੀਦ ਲੈ। ਹਦਵਾਣਾ ਤੇ ਸੂਹਾ ਲਾਲ ਈ ਤੇ ਖ਼ਰਬੂਜ਼ਾ ਨਿਰਾ ਮਿਸ਼ਰੀ ਊ......ਖ਼ਰੀਦਣਾ ਨਹੀਂ ਊਂ ਤਾਂ ਝਰੁੱਟ ਹੀ ਮਾਰ ਲੈ... ਬੱਲੇ ਰਾਂਝਿਆ।"

"ਹੇਖਾਂ ਓਏ! ਮੈਨੂੰ ਰਾਂਝਾ ਕਿਉਂ ਆਖਨਾ ਏਂ? ਰਾਂਝਾ ਸਾਲਾ ਆਸ਼ਕ ਸੀ ਕਿ ਨਾਈ ਸੀ? ਹੀਰ ਦੀ ਡੋਲੀ ਨਾਲ ਮਹੀਆਂ ਹੱਕ ਕੇ ਤੁਰ ਪਿਆ। ਮੈਂ ਹੁੰਦਾ ਨਾ ਕਿਤੇ........."

"ਬੱਲੇ ਓ ਬੱਲੇ ਮਾਣਕੂ! ਤੂੰ ਤੇ ਮਿਰਜ਼ਾ ਏਂ ਮਿਰਜ਼ਾ।"

"ਮਿਰਜ਼ਾ ਤੇ ਹੈ ਈ ਆਂ, ਜੇ ਕਿਤੇ ਸਾਹਿਬਾਂ ਨੇ ਮਰਵਾ ਨਾ ਛੱਡਿਆ ਤਾਂ।" ਤੇ ਫੇਰ ਮਾਣਕੂ ਆਪਣੀ ਰਤਨੀ ਨੂੰ ਛੇੜਦਾ "ਵੇਖ ਰਤਨੀਏਂ! ਸਾਹਿਬਾਂ ਨਾ ਬਣੀਂ, ਹੀਰ ਬਣੀਂ।"

"ਬੱਲੇ ਓਏ ਬੱਲੇ ਮਾਣਕੂ! ਤੂੰ ਮਿਰਜ਼ਾ ਤੇ ਉਹ ਹੀਰ। ਇਹ ਵੀ ਜੋੜ ਚੰਗਾ ਏ ਬਈ।" ਅਗੇ ਬੈਠਾ ਡਰਾਈਵਰ ਹੱਸਦਾ।

ਏਨੇ ਚਿਰ ਨੂੰ ਮੱਧ ਪ੍ਰਦੇਸ਼ ਦਾ ਨਾਕਾ ਲੰਘ ਗਿਆ ਤੇ ਅਗੋਂ ਬੰਬਈ ਸੂਬੇ ਦੀ ਹੱਦ ਆ ਗਈ। ਉਸ ਥਾਵੇਂ ਹਰ ਇਕ ਮੋਟਰ, ਲਾਰੀ ਤੇ ਟਰੱਕ ਨੂੰ ਰੋਕਿਆ ਜਾਂਦਾ ਸੀ। ਸੱਭੋ ਕੁਝ ਫੋਲਿਆ ਜਾਂਦਾ ਸੀ ਕਿ ਕਿਤੇ ਕੋਈ ਅਫ਼ੀਮ, ਸ਼ਰਾਬ ਜਾਂ ਇਹੋ ਜਿਹੀ ਚੀਜ਼ ਤਾ ਨਹੀਂ ਲਿਜਾ ਰਿਹਾ। ਉਹ ਟਰੱਕ ਵੀ ਫੋਲਿਆ ਗਿਆ, ਕੁਝ ਨਾ ਲੱਭਾ ਤੇ ਟਰੱਕ ਨੂੰ ਅਗੇ ਜਾਣ ਲਈ ਰਾਹ ਦਿਤਾ ਗਿਆ। ਜਿਉਂ ਹੀ ਟਰੱਕ ਅਗੇ ਹੋਇਆ, ਮਾਣਕੂ ਦਾ ਵੱਖੀਆਂ ਤੋੜ ਕੇ ਹਾਸਾ ਨਿਕਲ ਗਿਆ —

"ਸਾਲੇ ਅਫ਼ੀਮ ਲਭਦੇ ਨੇ, ਸ਼ਰਾਬ ਲਭਦੇ ਨੇ, ਮੈਂ ਜਿਹੜੀ ਨਸ਼ੇ ਦੀ ਬੋਤਲ ਲੈ ਚਲਿਆਂ ਵਾਂ ਸਾਲਿਆਂ ਨੂੰ ਦਿੱਸੀ ਓ ਨਹੀਂ......"

ਤੇ ਰਤਨੀ ਪਹਿਲੋਂ ਆਪਣੇ ਆਪ ਵਿਚ ਗੁੱਛਾ ਹੋਈ, ਤੇ ਫੇਰ ਮਨ ਦੀਆਂ ਸਾਰੀਆਂ ਪੱਤੀਆਂ ਖੋਲ੍ਹ ਕੇ ਆਖਣ ਲੱਗੀ :

"ਵੇਖੀਂ ਕਿਤੇ ਨਸ਼ੇ ਦੀ ਬੋਤਲ ਤੋੜ ਨਾ ਛੱਡੀਂ! ਸਾਰੀਆਂ ਕਿਰਚਾਂ ਤੇਰੇ ਪੈਰਾਂ ਵਿਚ ਵਹਿ ਜਾਣਗੀਆਂ।"

"ਡੁਬ ਕਿਤੇ!"

"ਮੈਂ ਤੇ ਡੁੱਬ ਜਾਵਾਂਗੀ, ਤੂੰ ਦਰਿਆ ਬਣ ਜਾ!"

ਮੈਂ ਸੁਣ ਰਹੀ ਸਾਂ, ਹੱਸ ਰਹੀ ਸਾਂ ਤੇ ਫੇਰ ਇਕ ਪੀੜ ਦੀ ਛੱਲ ਮੇਰੇ ਮਨ ਵਿਚ ਆਈ — "ਹਾਏ ਔਰਤ! ਡੁਬਣ ਨੂੰ ਵੀ ਤਿਆਰ ਜੇ ਉਹਦਾ ਪਿਆਰਾ ਇਕ ਦਰਿਆ ਹੋਵੇ..."

ਫੇਰ ਧੂੜੀਆ ਆ ਗਿਆ ਸੀ। ਅਸੀਂ ਟਰੱਕ ਵਿਚੋਂ ਉਤਰ ਗਏ ਸਾਂ, ਤੇ ਮੇਰੇ ਮਨ ਵਿਚ ਕੁਝ ਮਿੰਟ ਇਕ ਸੋਚ ਨਹੁੰਦਰਾਂ ਮਾਰਦੀ ਰਹੀ ਸੀ — ਇਹ ਰਤਨੀ, ਕੱਚੀ ਗੰਦਲ ਵਰਗੀ ਕੁੜੀ, ਮਾਣਕੂ, ਇਹਨੂੰ ਪਤਾ ਨਹੀਂ ਕਿਹੜੇ ਖੇਤ ਵਿਚੋਂ ਤੋੜ ਲਿਆਇਆ ਸੀ। ਕੀ ਏਸ ਗੰਦਲ ਨੂੰ ਉਹ ਆਪਣੇ ਮਨ ਦੀ ਹਾਂਡੀ ਵਿਚ ਪਕਾਏਗਾ? ਇਹ ਗੰਦਲ ਕਿਤੇ ਪੈਰਾਂ ਵਿਚ ਹੀ ਤੇ ਨਹੀਂ ਮਧੋਲੀ ਜਾਏਗੀ?...

ਪਿਛੇ ਜਿਹੇ ਦਿੱਲੀ ਵਿਚ ਇਕ ਵਾਕਿਆ ਹੋਇਆ ਸੀ। ਇਕ ਕੁੜੀ ਨੂੰ ਇਕ ਮਾਸਟਰ ਵਾਇਲਨ ਸਿਖਾਂਦਾ ਹੁੰਦਾ ਸੀ, ਤੇ ਫੇਰ ਦੋਹਾਂ ਨੇ ਸਲਾਹ ਪਕਾਈ ਕਿ ਉਹ ਦੋਵੇਂ ਬੰਬਈ ਟੁਰ ਜਾਣਗੇ। ਉਥੇ ਉਹ ਗਾਂਵੇਂ ਕਰੇਗੀ, ਉਹ ਵਾਇਲਨ ਵਜਾਏ ਕਰੇਗਾ। ਰੋਜ਼ ਜਦੋਂ ਮਾਸਟਰ ਆਉਂਦਾ, ਉਹ ਕੁੜੀ ਆਪਣਾ ਇਕ ਅਧ ਕਪੜਾ ਉਹਨੂੰ ਫੜਾ ਦੇਂਦੀ, ਤੇ ਉਹ ਵਾਇਲਨ ਦੇ ਡੱਬੇ ਵਿਚ ਰਖ ਕੇ ਲੈ ਜਾਂਦਾ। ਇੰਜ ਮਹੀਨੇ ਡੇਢ ਵਿਚ ਉਸ ਕੁੜੀ ਨੇ ਆਪਣੇ ਕਿੰਨੇ ਕਪੜੇ ਮਾਸਟਰ ਦੇ ਘਰ ਇਕੱਠੇ ਕਰ ਲਏ ਤੇ ਫੇਰ ਜਦੋਂ ਉਹ ਤ੍ਰਿੰਨੀਂ ਕਪੜੀਂ ਘਰੋਂ ਨਿਕਲੀ ਕਿਸੇ ਦੇ ਮਨ ਵਿਚ ਸ਼ੱਕ ਦਾ ਪਰਛਾਵਾਂ ਵੀ ਨਾ ਪਿਆ। ਤੇ ਫੇਰ......ਫੇਰ ਉਸ ਕੁੜੀ ਦਾ ਵੀ ਉਹੀ ਹਸ਼ਰ ਹੋਇਆ, ਜਿਹੜਾ ਉਸ ਤੋਂ ਪਹਿਲਾਂ ਕਈਆਂ ਦਾ ਹੋ ਚੁਕਾ ਸੀ। ਤੇ ਉਸ ਤੋਂ ਪਿਛੋਂ ਕਈਆਂ ਦਾ ਹੋਣਾ ਸੀ। ਉਹ ਕੁੜੀ ਬੰਬਈ ਜਾ ਕੇ ਹੁਨਰ ਦੀ ਮੂਰਤੀ ਨਹੀਂ, ਹੁਨਰ ਦੀ ਕਬਰ ਬਣ ਗਈ। ਔਰਤ-ਪਣ ਦੀ ਕਬਰ ਬਣ ਗਈ।......ਤੇ ਮੈਂ ਸੋਚ ਰਹੀ ਸਾਂ, ਇਹ ਰਤਨੀ......ਇਹ ਰਤਨੀ ਕੀ ਬਣੇਗੀ?

ਅੱਜ ਤਿੰਨਾਂ ਵਰ੍ਹਿਆਂ ਪਿਛੋਂ ਮੈਂ ਰਤਨੀ ਨੂੰ ਵੇਖਿਆ। ਹਾਸੇ ਦੇ ਪਾਣੀ ਨਾਲ ਉਹ ਸਬਜ਼ੀਆਂ ਨੂੰ ਤ੍ਰੌਂਕਾਂ ਦੇਂਦੀ ਪਈ ਸੀ। "ਪਾਲਕ ਇਕ ਆਨੇ ਦੀ ਗੱਠੀ, ਟਮਾਟਰ ਛੇ ਆਨੇ ਰੱਤਲ, ਤੇ ਹਰੀਆਂ ਮਿਰਚਾਂ, ਆਨੇ ਢੇਰੀ।"— ਤੇ ਉਹਦੇ ਮੂੰਹ ਉਤੇ ਪਾਲਕ ਦੀ ਸਾਰੀ ਨਰਮਾਈ, ਟਮਾਟਰਾਂ ਦਾ ਸਾਰਾ ਰੰਗ, ਤੇ ਹਰੀਆਂ ਮਿਰਚਾਂ ਦੀ ਸਾਰੀ ਖ਼ੁਸ਼ਬੂ ਮਲੀ ਹੋਈ ਸੀ।

ਮੈਨੂੰ ਲੱਭ ਪਿਆ ਕਿਉਂ ਉਹਦਾ ਮੂੰਹ ਏਨੇ ਦਿਨਾਂ ਤੋਂ ਮੇਰੇ ਖਹਿੜੇ ਪਿਆ ਹੋਇਆ ਸੀ।

ਜੀਵੀ ਦੇ ਮੂੰਹ ਉਤੇ ਦੁੱਖਾਂ ਦੀਆਂ ਲੀਕਾਂ ਸਨ, ਉਹੀ ਲੀਕਾਂ ਜੁ ਮੇਰੇ ਗੀਤਾਂ ਵਿਚ ਸਨ, ਤੇ ਲੀਕਾਂ ਲੀਕਾਂ ਨਾਲ ਰਲ ਗਈਆਂ ਸਨ।

ਰਤਨੀ ਦੇ ਮੂੰਹ ਉਤੇ ਹਾਸਿਆਂ ਦੀਆਂ ਛਿੱਟਾਂ ਸਨ। ਉਹ ਹਾਸੇ, ਜਦੋਂ ਸੁਪਨੇ ਉਗ ਪੈਣ ਤਾਂ ਉਹ ਤ੍ਰੇਲ ਦੀਆਂ ਬੂੰਦਾਂ ਵਾਂਗ ਉਨ੍ਹਾਂ ਪੱਤਿਆਂ ਉਤੇ ਪੈ ਜਾਂਦੇ ਹਨ। — ਤੇ ਉਹ ਸੁਪਨੇ ਮੇਰੇ ਗੀਤਾਂ ਦੇ ਕਾਫ਼ੀਏ ਬੰਨ੍ਹਦੇ ਸਨ :

ਜਿਹੜਾ ਸੁਪਨਾ ਜੀਵੀ ਦੇ ਮਨ ਵਿਚ ਸੀ, ਉਹੀਉ ਸੁਪਨਾ ਰਤਨੀ ਦੇ ਮਨ ਵਿਚ ਸੀ। ਜੀਵੀ ਦਾ ਸੁਪਨਾ ਇਕ ਮਹਾਨ ਨਾਵਲ ਦੇ ਅੱਖਰ ਬਣ ਗਿਆ, ਤੇ ਰਤਨੀ ਦਾ ਸੁਪਨਾ ਗੀਤਾਂ ਦੇ ਕਾਫ਼ੀਏ ਤੋੜ ਕੇ ਅੱਜ ਉਹਦੀ ਝੋਲੀ ਵਿਚ ਦੁੱਧ ਚੁੰਘਦਾ ਪਿਆ ਸੀ।

o

ਇਨਾਮੀ ਕਾਵਿ-ਸੰਗ੍ਰਹਿ 'ਸੁਨੇਹੁੜੇ' ਦੀ ਲੇਖਕਾ
ਕਵਿਤ੍ਰੀ
ਕਹਾਣੀਕਾਰ
ਤੇ ਨਾਵਲਕਾਰ
ਅੰਮ੍ਰਿਤਾ
ਪ੍ਰੀਤਮ
ਨੂੰ 15 ਮਈ 1973
ਨੂੰ ਦਿੱਲੀ-ਯੂਨੀਵਰਸਿਟੀ
ਵੱਲੋਂ
ਡੀ. ਲਿਟ. ਦੀ
ਆਨਰੇਰੀ-ਡਿਗਰੀ
ਨਾਲ
ਸਨਮਾਨਿਆ ਗਿਆ।

'ਵਤਨੋਂ ਦੂਰ'
ਉਨ੍ਹਾਂ ਨੂੰ ਵਧਾਈ ਅਤੇ
ਆਪਣੇ ਪਾਠਕਾਂ ਲਈ ਉਨ੍ਹਾਂ ਦੀ
ਇਕ ਯਥਾ-ਚਰਿਤ ਕਹਾਣੀ
ਪੇਸ਼ ਕਰਦਾ ਹੈ।

—ਸੰਪਾਦਕ

ਅੰਮ੍ਰਿਤਾ ਪ੍ਰੀਤਮ ਦੀਆਂ ਕੁਝ ਅਮਰ-ਰਚਨਾਵਾਂ :- ਪਿੰਜਰ, ਡਾਕਟਰ ਦੇਵ, ਰੰਗ ਦਾ ਪੱਤਾ (ਨਾਵਲ) ; ਆਖ਼ਰੀ ਖ਼ਤ (ਕਹਾਣੀਆਂ)

# ੩. ਜੰਗੂ ਮਜ਼ਬੀ ਦੀ ਕੁੜੀ

ਅਮਰਜੀਤ

ਵਾਢੀਆਂ ਦੇ ਬੇਹੱਦ ਜ਼ੋਰ ਤੇ ਦਿਹਾੜੀ ਦੇ ਇਕ ਦਮ ਵਾਧੇ ਨੇ ਤੀਵੀਂਆਂ ਵਿੱਚ ਵੀ ਇਸ ਕੰਮ ਵਾਸਤੇ ਜੋਸ਼ ਪੈਦਾ ਕਰ ਦਿੱਤਾ। ਅਗਵਾੜ ਦੇ ਸਾਰੇ ਲੋਕ ਦਿਹਾੜੀ ਤੇ ਜਾਣ ਲੱਗ ਪਏ ਸਨ। ਅੱਠ-ਨੌਂ ਰੁਪਏ ਦਿਹਾੜੀ ਸੀ—ਕਹਿਕੇ ਮੂੰਹ ਭਰਦਾ ਸੀ। ਘਰ ਦੀਆਂ ਕਿੰਨੀਆਂ ਗਰਜਾਂ ਲੋਕਾਂ ਨੇ ਇਨ੍ਹਾਂ ਦਿਹਾੜੀਆਂ ਨਾਲ ਜੋੜੀਆਂ ਹੋਈਆਂ ਸਨ—ਹੁਣ ਤਾਂ ਮਾਨੋ ਉਨ੍ਹਾਂ ਦੇ ਕਰਮ ਖੁਲ੍ਹ ਗਏ ਸਨ।

ਜੱਟ ਜ਼ਿਮੀਦਾਰ ਹਰ ਰੋਜ਼ ਆਥਣੇ ਹੱਥ ਵਿਚ ਸੋਟੀ ਢੀਂਗ ਫੜੀ ਮਜ਼ਬੀਆਂ ਦੇ ਅਗਵਾੜ ਆ ਜਾਂਦੇ ਤੇ ਘਰ ਘਰ ਦਿਹਾੜੀਏ ਪੁਛਦੇ ਫਿਰਦੇ। ਟਿੱਕੀ ਨਿਕਲਦੀ ਨਾਲ ਹੀ ਲੋਕ (ਦਿਹਾੜੀਏ ਤੇ ਦਿਹਾੜਨਾਂ) ਕੌਲਾ, ਬਾਟੀ ਲੜ ਬੰਨ ਕੇ ਢਿੱਡੇ ਘੜੀਸਦੇ ਖੇਤਾਂ ਨੂੰ ਚਲ ਪੈਂਦੇ। ਧੂੜ ਉਡ ਉਡ ਕੇ ਸਿਰ ਤਕ ਚਲੀ ਜਾਂਦੀ ਤੇ ਤੀਵੀਆਂ ਮਾਨੀਆਂ ਦੀਆਂ ਬੰਧੀਆਂ ਚੁੰਨੀਆਂ ਵਿਚ ਦੀ ਵਾਲਾਂ ਨੂੰ ਚਿੰਬੜ ਜਾਂਦੀ। ਦਿਹਾੜੀ ਦੇ ਨਾਲ ਲਾਂਗੇ ਦੇ ਇਕ ਥੱਬੇ ਦਾ ਵੀ ਰਿਵਾਜ ਸੀ। ਇਕ ਥੱਬੇ ਵਿਚੋਂ ਘੱਟੋ ਘੱਟ ਪੰਜ ਛੀ ਸੇਰ ਦਾਣੇ ਨਿਕਲ ਆਉਂਦੇ। ਲੋਕ ਕੰਮ ਕਰਕੇ ਤੇ ਪੈਸੇ ਕਮਾ ਕੇ ਪੂਰੇ ਅਨੰਦ ਵਿਚ ਸਨ। ਹੁਣ ਤਾਂ ਉਨ੍ਹਾਂ ਨੂੰ ਇਉਂ ਹੀ ਮਹਿਸੂਸ ਹੋ ਰਿਹਾ ਸੀ ਜਿਵੇਂ ਉਹ ਇਨ੍ਹਾਂ ਦਿਨਾਂ ਦੀ ਕਮਾਈ ਨਾਲ ਸਾਲ ਭਰ ਲਈ ਦੁਖ ਦਰਦ ਨਿਪਟਾ ਲੈਣਗੇ।

ਵਾਢੇ ਆਪਸ 'ਚ ਬੜਾ ਜਿਦਦੇ। ਸਵੇਰ ਤੋਂ ਆਥਣ ਤਕ ਵੰਡਵੇਂ ਓਰੇ ਲੈ ਕੇ ਮੁਕਾਬਲੇ ਨਾਲ ਵਢਦੇ, ਚਾਂਘਰਾਂ ਮਾਰਦੇ ਤੇ ਮਗਰ ਰਹਿ ਗਿਆਂ ਨੂੰ ਟਿੱਚਰਾਂ ਕਰਦੇ। ਮੂਹਰਿਓਂ ਉਨ੍ਹਾਂ ਦੀ ਪਾਂਤ ਮੋੜ ਲਿਆਉਂਦੇ ਤੇ ਫਾਡੀਆਂ ਦਾ ਨੱਕ ਵਢਦੇ। ਜਿਦ ਕੇ ਕੰਮ ਕਰਨ ਦਾ ਇਕ ਸੁਖ ਹੁੰਦਾ—ਲੋਕ ਥਕਦੇ ਨਾ। ਸਰੀਰ ਭੁਖੇ ਰਹਿੰਦੇ ਗੋਡੇ ਤੇ ਲੱਕ ਦਰਦ ਨਾ ਕਰਦੇ ਆਥਣ ਤਕ ਭਾਵੇਂ ਸਾਰੇ ਹਫੋਂ ਟੁੱਟ ਜਾਂਦੇ ਸਨ। ਪਰ ਇਕ ਦੂਜੇ ਨੂੰ ਮਾਤ ਪਾ ਜਾਣ ਦੀਆਂ ਗੱਲਾਂ ਨਾਲ ਲਾਂਗੇ ਦੇ ਥੱਬਿਆਂ ਹੇਠ ਸਿਰ ਦੇਈ ਆਪਣੀ ਵਾਢ ਮੁਕਾ ਲੈਂਦੇ ਸਨ। ਛੋਲਿਆਂ ਤੇ ਕਣਕ ਦੀ ਕੰਡ ਉਨ੍ਹਾਂ ਦੀਆਂ ਨਾਸਾਂ ਵਿਚ ਜਲਣ ਪੈਦਾ ਕਰਦੀ ਤੇ ਪਿੰਡੇ ਨੂੰ ਖਾਈ ਜਾਂਦੀ। ਪਰ ਉਹ ਖੁਸ਼ ਸਨ। ਸਾਲ ਭਰ ਵਿਚ ਮਸਾਂ ਇਹ ਦਿਨ ਆਉਂਦੇ ਸਨ ਜਦੋਂ ਉਹ ਆਪਣੀਆਂ ਲੋੜਾਂ ਦੇ ਖੂਹ ਪੂਰਨ ਜੋਗੇ ਪੈਸੇ ਕਮਾ ਸਕਦੇ ਸਨ। ਪਰ ਇਹ ਭਰਮ ਜਾਲ ਦਾ ਤਾਣਾ ਪੇਟਾ ਹੀ ਸੀ।

**ਜੰਗੂ ਦੀ ਕੁੜੀ ਲੀਲੋ ਹਾੜੀ ਵੱਢਣ ਵਾਲੀਆਂ ਕੁੜੀਆਂ 'ਚੋਂ ਸਭ ਤੋਂ ਅੱਵਲ ਸੀ।** ਜੀਤ ਦੀ ਬਹੂ ਗਿਆਨੋ ਨਾਲ ਉਸਦਾ ਥੋੜੇ ਚਿਰ ਤੋਂ ਖਾਸਾ ਬੈਠਣ ਉੱਠਣ ਹੋ ਗਿਆ ਸੀ। ਅੱਜ ਗਿਆਨੋ ਤੇ ਲੀਲੋ ਦੁਹਾਂ ਨੇ ਹੀ ਖਿਲ੍ਹਣ ਕੇ ਵਢਾਉਣ ਜਾਣਾ ਸੀ। ਖਿਲਣ ਪਿੰਡ 'ਚੋਂ ਸਭ ਤੋਂ ਸਾਊ ਕਿਸਾਨ ਸੀ ਪਰ ਉਸਦੇ ਮੁੰਡੇ ਕਿਸੇ ਕੰਮ ਦੇ ਨਹੀਂ ਸਨ। ਵੱਡੇ ਨੇ ਕਬੂਤਰ ਰੱਖੇ ਹੋਏ ਸੀ ਤੇ ਉਸ ਨੂੰ ਕੋਈ ਚੜ੍ਹੀ-ਲੱਥੀ ਦੀ ਨਹੀਂ ਸੀ। ਕੋਈ ਕਿਹੋ ਜਿਹਾ ਵੀ ਹੋਵੇ—ਆਪਣੇ ਘਰ ਹੋਵੇਗਾ—ਲੋਕਾਂ ਨੂੰ ਤਾਂ ਕੰਮ ਚਾਹੀਦਾ ਸੀ। ਹੋਰ ਵੀ ਕਈ ਦਿਹਾੜੀਏ ਤੇ ਦਿਹਾੜਨਾਂ ਕਬੂਤਰਬਾਜ਼ ਕੈਲੇ ਨੇ ਪੱਕੀਆਂ ਕੀਤੀਆਂ ਸਨ।

ਲੀਲੋ ਮਧਰੇ ਜੇਹੇ ਕੱਦ, ਗੋਲ ਸਰੀਰ ਤੇ ਪੱਕੇ ਰੰਗ ਦੀ ਹੁੰਦੀ ਹੋਈ ਵੀ ਵਿਸ਼ੇਸ਼ਤਾ ਰਖਦੀ ਸੀ। ਉਹਦੇ ਮੱਥੇ ਉੱਤੇ ਕਦੇ ਕਿਸੇ ਨੇ ਤਿਊੜੀਆਂ ਨਹੀਂ ਸਨ ਵੇਖੀਆਂ। ਗ਼ਰੀਬੀ ਦੀ ਲਿਸ਼ਕ ਤੇ ਭੋਲੇਪਣ ਦੀ ਡਲ੍ਹਕ ਉਸ ਦੇ ਚਿਹਰੇ ਉਤੋਂ ਵੇਖੀ ਜਾ ਸਕਦੀ ਸੀ। ਨੀ ਤਾਈ, ਨੀ ਚਾਚੀ ਆਖਦੀ ਦਾ ਮੂੰਹ ਸੁਕਦਾ ਸੀ। ਸਾਰੇ ਅਗਵਾੜ ਦੀ ਉਹ ਪੁਜ ਕੇ ਸਾਊ ਕੁੜੀ ਸੀ। ਆਮ ਕੁੜੀਆਂ ਨਾਲੋਂ ਕੁਝ ਘਟ ਸੰਗਾਊ ਸੀ। ਵੱਡੇ-ਛੋਟੇ ਦੀ ਪਰ੍ਹੋਂ ਦਾ ਖ਼ਿਆਲ ਰਖਦੀ ਵੀ ਉਹ ਅਗਵਾੜ ਦੇ ਮੁੰਡਿਆਂ ਨੂੰ ਨਿਧੜਕ ਹੋ ਕੇ ਬੁਲਾ ਲੈਂਦੀ, "ਵੀਰਾ ਤੂੰ ਅੱਜ ਕੀਹਦੇ ਜਾਏਂਗਾ ?" ਵੀਰਾ ਸ਼ਬਦ ਉਸ ਦੇ ਮੂੰਹੋਂ ਫੁੱਲਾਂ ਵਾਂਗ ਕਿਰਦਾ। ਪਿੰਡੇ ਦੀ ਭਾਵੇਂ ਉਹ ਸੁਹਣੀ ਨਹੀਂ ਸੀ ਪਰ ਦਿਲ ਦੀ ਇਕ ਸੁਹਣੀ ਕੁੜੀ ਸੀ।

"ਬੇਵਾ ਜਮਾ ਨੀਂ ਸੰਗਦੀ......ਹਰੇਕ ਮੁੰਡੇ ਨੂੰ ਬੁਲਾ ਲੈਂਦੀ ਐ ਕੰਜਰੀ,"—ਗਿਆਨੋ ਜਾਂ ਹੋਰ ਕੋਈ ਕੁੜੀ ਉਸ ਦੀ ਵੱਖੀ ਵਿਚ ਪੋਲੀ ਜਿਹੀ ਮੁੱਕੀ ਮਾਰਦੀ।

"ਘਰ ਦੇ ਮੁੰਡੇ ਐ......ਆਬਦੇ ਭੈਣ ਭਾਈ ਤੋਂ ਕਾਹਦੀ ਸੰਗ ਐ......।" ਤੇ ਲੀਲੋ ਗਿਆਨੋ ਵਾਸਤੇ ਜਿਹੜਾ ਵਿਸ਼ੇਸ਼ਣ ਵਰਤਦੀ, ਸੁਣਨ ਵਾਲਾ ਸੁਣ ਕੇ ਲੀਲੋ ਨੂੰ ਨਫ਼ਰਤ ਕਰਨ ਲਗ ਸਕਦਾ ਸੀ, ਪਰ ਉਹ ਨਫ਼ਰਤ ਯੋਗ ਕੁੜੀ ਨਹੀਂ ਸੀ। ਕਪਾਹਾਂ ਚੁਗਦੀ ਉਹ ਸਾਰਾ ਦਿਨ ਬੋਲੀਆਂ ਤੇ ਟੱਪੇ ਮੁਕਣ ਨਾ ਦਿੰਦੀ। ਉਹ ਇੰਨਾ ਕੁਝ ਯਾਦ ਵਾਹ-ਵਾਹ ਰੱਖ ਸਕਦੀ ਸੀ। ਹੋਰ ਕੁੜੀਆਂ ਵੀ ਉਸ ਨਾਲ ਮੜ੍ਹਿੱਕਦੀਆਂ ਪਰ ਉਹ ਸਭ ਤੋਂ ਉੱਤੇ ਸੀ।

ਜਿਸ ਦਿਨ ਉਸ ਦੇ ਪਿਉ ਨੂੰ ਗਰਦ ਚੜ੍ਹੀ ਸੀ ਤੇ ਸਾਹ ਦੀ ਬੀਮਾਰੀ ਉਠੀ ਹੋਈ ਸੀ, ਬੱਕਰੀ ਵੀ ਲੀਲੋ ਨੂੰ ਹੀ ਲਿਜਾਣੀ ਪੈਂਦੀ ਸੀ। ਬੱਕਰੀ ਵੀ ਸਿਆਣਿਆਂ ਵਾਂਗ ਉਸ ਦੇ ਮਗਰ-ਮਗਰ ਤੁਰੀ ਜਾਂਦੀ। ਖੇਤ ਜਾ ਕੇ ਉਹ ਬੱਕਰੀ ਨੂੰ ਕਿਸੇ ਝਾੜ ਮਲ੍ਹੇ ਨਾਲ ਬੰਨ੍ਹ ਦਿੰਦੀ। ਬੱਕਰੀ ਸਾਰਾ-ਸਾਰਾ ਦਿਨ ਟਾਂਗੀਆਂ ਲਾ-ਲਾ ਕੇ ਟਾਹਣੀਆਂ ਸੂਤਦੀ ਰਹਿੰਦੀ ਤੇ ਝਾੜਾਂ ਦੇ ਮੋਟੇ-ਮੋਟੇ ਡੱਕੇ ਚੱਬੀ ਜਾਂਦੀ। ਜਦ ਬਿੰਦ ਝੱਟ ਲਈ ਵਾਢੇ ਹਟਦੇ ਤਾਂ ਲੀਲੋ ਛੋਲਿਆਂ ਦਾ ਰੁੱਗ ਪੁਟ ਕੇ ਮੂਹਰੇ ਸੁਟ ਦਿੰਦੀ ਤੇ ਨਲਕੇ ਤੋਂ ਦੋ ਬਾਟੀਆਂ ਪਾਣੀ ਦੀਆਂ ਪਿਆ ਦਿੰਦੀ। ਟਾਟਾਂ ਨਾਲ ਭਰੇ ਬੂਟਿਆਂ ਨੂੰ ਬੱਕਰੀ ਹਾਬੜ ਕੇ ਪੈਂਦੀ ਤੇ ਜੜ੍ਹਾਂ ਤਕ ਮਰੜ-ਮਰੜ ਚੱਬ ਜਾਂਦੀ।

ਬਹੁਤ ਘੱਟ ਜੱਟ ਜ਼ਿਮੀਦਾਰ ਸੀਗੇ ਜੋ ਦਿਹਾੜੀਆਂ ਨੂੰ ਬੱਕਰੀ-ਲੇਲਾ ਨਾਲ ਲਿਆਉਣ ਦਿੰਦੇ। ਖਿੱਲਣ ਦੇ ਮੁੰਡਿਆਂ ਨੇ ਗਿਆਨੋ ਨੂੰ ਆਖ ਦਿੱਤਾ ਸੀ ਬਈ ਲੀਲੋ ਬੱਕਰੀ ਨਾਲ ਲੈ ਆਇਆ ਕਰੇ।

ਭੋਲੀ ਭਾਲੀ ਅਤੇ ਉਮਰ ਨਾਲੋਂ ਜ਼ਿਆਦਾ ਨਿਆਣਿਆਂ ਵਰਗੇ ਸੁਭਾਅ ਵਾਲੀ ਲੀਲੋ, ਵਿਚਲੇ ਇਸ ਭੇਦ ਨੂੰ ਭਲਾ ਕੀ ਜਾਣਦੀ ਸੀ। "ਕਿੰਨਾ ਚੰਗੈ ਭਾਬੀ ਕੈਲਾ, ਹੈਨਾ ?" ਉਸ ਨੇ ਠੀਕ ਹੀ ਤਾਂ ਨਿਆਣਿਆਂ ਵਾਂਗ ਵਰਾਛਾਂ ਫੈਲਾ ਕੇ ਆਖਿਆ ਸੀ। ਉਦੋਂ ਉਸ ਦਾ ਚਿਹਰਾ, ਖਾਸ ਕਰ ਕੇ ਅੱਖਾਂ ਹੋਰ ਵੀ ਭੋਲੀਆਂ ਅਤੇ ਮਾਸੂਮ ਲਗਦੀਆਂ ਸਨ।

ਜਦ ਕੈਲਾ ਜਾਂ ਜੈਲਾ ਉਸ ਵਲ ਟੇਢੀ-ਵਿੰਗੀ ਝਾਕਣੀ ਝਾਕਦਾ ਤਾਂ ਲੀਲੋ ਨੂੰ ਇਸ ਵਿਚਲੇ ਅਰਥਾਂ ਦੀ ਘੱਟ-ਵੱਧ ਹੀ ਸਮਝ ਪੈਂਦੀ। ਉਹ ਵੀ ਉਸ ਵਲ ਉਵੇਂ ਹੀ ਪਰ ਨਿਰਛੱਲ ਅੱਖਾਂ ਨਾਲ ਵੇਖੀ ਜਾਂਦੀ। ਉਹ ਆਪਣੇ ਘਰਾਂ ਦੇ ਮੁੰਡਿਆਂ ਵਲ ਵੀ ਇਉਂ ਹੀ ਵੇਖ ਲੈਂਦੀ ਸੀ। ......ਤੇ ਗੰਭੀਰ ਗੱਲਾਂ ਕਰਨ ਲੱਗੀ ਉਹ ਦਾਨੀਆਂ ਤੀਵੀਂਆਂ ਨਾਲੋਂ ਟੱਪ ਜਾਂਦੀ ਸੀ। ਜਦ ਕਿਸੇ ਨਾਲ ਦੁੱਖ-ਸੁੱਖ ਦੀਆਂ ਗੱਲਾਂ ਕਰਦੀ ਉਸ ਦੀ ਸਿਆਣਪ ਤੇ ਗੰਭੀਰਤਾ ਦਾ ਅਗਲੇ 'ਤੇ ਅਸਰ ਪਏ ਬਿਨਾ ਨਾ ਰਹਿ ਸਕਦਾ।

ਕੈਲੇ ਨੇ ਉਸ ਦੀ ਦੇਖਣੀ ਦੇ ਅਰਥ ਕਢਦਿਆਂ ਗਿਆਨੋ ਨੂੰ ਅੱਖ ਦਾ ਇਸ਼ਾਰਾ ਕੀਤਾ ਤੇ ਉਸ ਨੇ ਇਸ ਦਾ ਸਿਰ ਹਿਲਾ ਕੇ ਸੰਮਤੀ ਪਰਗਟ ਕਰਦਿਆਂ ਉੱਤਰ ਦਿੱਤਾ। ਗਿਆਨੋ ਦੇ ਇਸ਼ਾਰੇ ਨੇ ਕੈਲੇ ਦੇ ਚਿਹਰੇ 'ਤੇ ਇਕ ਰੰਗ ਲੈ ਆਂਦਾ।

"ਲੀਲੋ ਲਾਉਣੀ ਐਂ ਪਾਂਤ ਮੇਰੇ ਮੁਕਾਬਲੇ ?" ਗਿਆਨੋ ਦੇ ਉਸ ਨੂੰ ਵੰਗਾਰਨ ਦੀ ਦੇਰ ਸੀ—ਲੀਲੋ ਨੇ ਉਸ ਦੀ ਵੰਗਾਰ ਦਾ ਜਵਾਬ ਵੰਗਾਰ 'ਚ ਦਿੱਤਾ। ਓਹ ਕੀ ਜਾਣਦੀ ਸੀ ਕਿ ਦਿਹਾੜੀਆਂ ਤੋਂ ਚਮਲ੍ਹਾ ਕੇ ਵਧ ਕੰਮ ਵੀ ਲਿਆ ਜਾ ਸਕਦੈ। ਜ਼ਿਦਬਾਜ਼ੀ ਸ਼ੁਰੂ ਹੋ ਗਈ। ਲੀਲੋ ਤੇ ਕੈਲਾ ਇਕ ਪਾਸੇ, ਗਿਆਨੋ ਤੇ ਜੈਲਾ ਦੂਜੇ ਪਾਸੇ ਓਰੇ ਗਿਣ ਕੇ ਬੈਠ ਗਏ। ਦੂਜੇ ਦਿਹਾੜੀਏ-ਦਿਹਾੜਨਾਂ ਦੀਆਂ ਵੀ ਜੋਟੀਆਂ ਬਣ ਗਈਆਂ ਤੇ ਮੁਕਾਬਲਾ ਛਿੜ ਪਿਆ।

"ਬਾਈ ਮੈਨੂੰ ਐਧਰਲੇ ਹੱਥ ਬੈਠਣ ਦੇ।" ਲੀਲੋ ਪਹਿਲਾਂ ਖੱਬੇ ਹੱਥ ਬੈਠੀ ਸੀ। ਉਸ ਨੂੰ ਉਲਟਾ ਕੇ ਰੁੱਗ ਰਖਣਾ ਔਖਾ ਲਗਦਾ ਸੀ। ਇਕ-ਦੋ ਵਾਰ ਰੁੱਗ ਉਲਝ ਕੇ ਉਸ ਤੋਂ ਕੈਲੇ ਦੇ ਵੱਜਾ ਤੇ ਕੈਲਾ ਜਾਣ-ਬੁਝ ਕੇ ਲੀਲੋ ਵਾਲੇ ਪਾਸੇ ਹੋ ਕੇ ਉਸ ਦੇ ਵਿਚ ਵੱਜ ਜਾਂਦਾ। ਕੈਲੇ ਦੀ ਇਸ ਸ਼ਰਾਰਤ ਨੂੰ ਵੀ ਲੀਲੋ ਬੁਝ ਨਾ ਸਕੀ। ......ਤੇ ਉਹ ਸੱਜੇ ਹੱਥ ਆ ਬੈਠੀ।

ਕੈਲਾ ਤੇ ਲੀਲੋ ਇਕ ਦਮ ਸਾਰਿਆਂ ਨੂੰ ਪਛਾੜ ਗਏ। ਕੈਲੇ ਦੇ ਹੱਥ ਵਿਚ ਫੜੀ ਦਾਤੀ ਚੰਗੀ ਜੰਮੀ ਕਣਕ ਦੀਆਂ ਜੜ੍ਹਾਂ ਵਿਚ ਘਸਰ ਰਹੀ ਸੀ ਤੇ ਬੜੀ ਛੇਤੀ-ਛੇਤੀ ਡਾਲਾਂ ਦੇ ਰੁੱਗ ਨੂੰ ਸਾਭਦਾ ਉਹ ਆਪਣੇ ਮਗਰ ਸੱਥਰੀਆਂ ਪਾਈ ਜਾਂਦਾ ਸੀ। ਜਦ ਕਦੇ ਲੀਲੋ ਪਿੱਛੇ ਰਹਿੰਦੀ ਦਿਸਦੀ ਉਹ ਉਸ ਦੇ ਪਾਸਿਓਂ ਦੋ ਰੁੱਗ ਵਧ ਵੱਢ ਜਾਂਦਾ ਤੇ ਉਸ ਨੂੰ ਬਰਾਬਰ ਚੜ੍ਹਾਈ ਰਖਦਾ। ਉਹ ਹੋਰ ਮੂਹਰੇ ਨਿਕਲ ਗਏ ਸਨ।

"ਆ ਜਾ ਭਾਬੀ ਹੁਣ ਕਿਉਂ ਮਗਰ ਹੌਂਕਦੀ ਆਉਨੀ ਐਂ ?" ਲੀਲੋ ਨੇ ਚਾਂਘੜ ਮਾਰ ਕੇ ਕਿਹਾ।

"ਵੈਲਣੇ ਤੂੰ ਤਾਂ ਝੜੀ ਨੀ ਝੰਬੀ ਨੀ......ਮੈਂ ਚਾਰ ਜੁਆਕਾਂ ਦੀ ਮਾਂ ਤੇਰੇ ਨਾਲ ਕਿਵੇਂ ਆਢਾ ਲਾਂਵਾਂ ?" ਗਿਆਨੋ ਇਸ ਗੱਲੋਂ ਮਸ਼ਹੂਰ ਸੀ ਕਿ ਉਹ ਜ਼ਬਾਨ ਦੀ ਲੱਚਰ ਸੀ। ਕੈਲਾ ਤੇ ਲੀਲੋ ਸੱਥਰੀਆਂ ਵਿਛਾਉਂਦੇ ਕਣਕ ਦੇ ਵਿਚਾਲ ਚਲੇ ਗਏ ਸਨ। ਦੂਜੇ ਵਾਹਵਾ ਮਗਰ ਰਹਿ ਗਏ ਸਨ।

ਲੈ ਭਾਬੀ ਨਕ ਵੱਢੂੰ ਤੇਰਾ...ਹੋ ਲੈ ਤਕੜੀ।" ਲੀਲੋ ਫੇਰ ਚਾਂਘੜੀ। ਪਰ ਬਹੁਤ ਛੇਤੀ ਲੀਲੋ ਪਾਂਤ ਵਿਚੋਂ ਉਠ ਕੇ ਆਪਣੀ ਬਕਰੀ ਕੋਲ ਜਾ ਬੈਠੀ। ਅੱਧੀ ਪਾਂਤ ਲਾਉਣ ਵਾਲੀ ਰਹਿੰਦੀ ਸੀ। ਬਾਕੀ ਦੀ ਨੂੰ ਕੈਲਾ ਟੁੱਟੇ ਹਰਾਸ ਨਾਲ ਵੱਢਦਾ ਆਪਣੇ ਨਿਢਾਲ ਜਿਸਮ ਨੂੰ ਅੱਗੇ ਧਕਦਾ ਮਸਾਂ ਸਥਰੀ ਬਣਾ ਰਿਹਾ ਸੀ।

"ਗੁੱਡੀਏ ਆ ਜਾ ਭਾਈ ਹੁਣ ਤਾਂ ਦਮ ਲੈ ਲਿਆ......" ਜਦ ਸਾਰੇ ਜਣਿਆਂ ਨੇ ਉਠ ਕੇ ਵੇਖਿਆ ਤਾਂ ਲੀਲੋ ਬਕਰੀ ਕੋਲ ਬੈਠੀ ਡੱਕੇ ਨਾਲ ਧਰਤੀ ਫਰੋਲ ਰਹੀ ਸੀ। ਕੈਲੇ ਦਾ ਚਿਹਰਾ ਕਿਸੇ ਗੁੱਝੀ ਸ਼ਰਾਰਤ ਜਿਹੀ ਨਾਲ ਜਗ ਬੁਝ ਰਿਹਾ ਸੀ।

"ਥੱਕ ਵੀ ਗਈ ਨੀ ਕੰਜਰੀਏ ਐਡੀ ਛੇਤੀ......"ਗਿਆਨੋ ਦੇ ਗਾਲ੍ਹ ਤਾਂ ਮੂੰਹ ਹੀ ਚੜ੍ਹੀ ਹੋਈ ਸੀ। ਉਸਦਾ ਤਾਂ ਮੂੰਹ ਹੀ ਗਾਲ੍ਹ ਵਰਗਾ ਸੀ। ਉਸ ਨੇ ਇਕ ਉਂਗਲ ਲੀਲੋ ਦੀ ਵੱਖੀ ਵਿਚ ਖਭੋ ਦਿੱਤੀ। ਕੁੜੀ ਨੇ ਕੱਠੀ ਜੇਹੀ ਹੋ ਕੇ ਆਪਣਾ ਆਪ ਗਿਆਨੋ ਤੋਂ ਖਿਸਕਾ ਲਿਆ।

"ਚੱਲ ਨੀ ਵੱਡੀ ਆਈ ਐ ਮਜਾਜਣ .....ਉਠ ਕੇ ਕੰਮ ਕਰ......ਨਾ ਆਈਂ ਕਲ੍ਹ ਨੂੰ......!" ਗਿਆਨੋ ਦੀਆਂ ਚੜ੍ਹੀਆਂ ਹੋਈਆਂ ਅੱਖਾਂ ਵਿਚ ਲੀਲੋ ਨੇ ਆਪਣੀਆਂ ਤਰਸ ਮੰਗਦੀਆਂ ਅੱਖਾਂ ਪਾਈਆਂ ਤਾਂ ਉਨ੍ਹਾਂ ਵਿਚ ਵੀ ਕਹਿਰਾਂ ਦਾ ਕਰੋਧ ਆ ਗਿਆ ਲੀਲੋ ਦਾ ਕਾਲਜਾ ਛਾਨਣੀ ਛੇਕ ਹੋ ਗਿਆ ਤੇ ਉਹ ਕਿਸੇ ਹੋਰ ਦਿਹਾੜਨ ਦੇ ਆਉਣ ਤੋਂ ਪਹਿਲਾਂ ਹੀ ਉਠਕੇ ਚਲੀ ਗਈ। ਉਸਦੇ ਚਿਹਰੇ ਉਤੇ ਇਕ ਰੰਗ ਆਉਂਦਾ ਸੀ ਤੇ ਇਕ ਉਤਰਦਾ ਸੀ। ਲਗਦਾ ਸੀ ਕਿ ਉਹ ਭੋਲੀ ਕੁੜੀ ਹਾਲੇ ਵੀ ਉਸ ਭੇਦ ਨੂੰ ਛੁਪਾਣ ਦਾ ਜਤਨ ਕਰ ਰਹੀ ਸੀ, ਜਿਸ ਬਾਰੇ ਉਸ ਨੂੰ ਭਰਮ ਸੀ ਕਿ ਖਰੇ ਸਭ ਨੂੰ ਪਤਾ ਲਗ ਗਿਆ। ਜੇ ਪਤਾ ਲਗ ਹੀ ਗਿਆ ਤਾਂ ਕੀ......ਉਹ ਸਹੀ ਸਲਾਮਤ ਰਹੀ ਸੀ......ਫਿਰ ਵੀ ਲੀਲੋ ਚਾਹੁੰਦੀ ਸੀ ਗੱਲ ਉੱਤੇ ਮਿੱਟੀ ਪੈ ਜਾਵੇ। ਉਹ ਘਰਾਂ 'ਚੋਂ ਲਗਦੇ ਤਾਏ ਬਚਨੇ ਨਾਲ ਜਾ ਬੈਠੀ।

ਬਾਕੀ ਸਾਰਾ ਦਿਨ ਉਹ ਕੈਲੇ ਵਲ ਮੁੜਕੇ ਨਾ ਝਾਕੀ। ਗਿਆਨੋ ਵੀ ਪਤਾ ਨਹੀਂ ਕਿਉਂ ਅੰਦਰੋ ਅੰਦਰ ਤ੍ਰਹਿੰਦੀ ਫਿਰਦੀ ਸੀ। ਉਹ ਵੀ ਜੈਲੇ ਨਾਲ ਨਾ ਬੈਠੀ, ਸਗੋਂ ਕਿਸੇ ਹੋਰ ਕੁੜੀ ਨਾਲ ਬੈਠੀ। "ਪਤਾ ਨਹੀਂ ਕੀ ਹੋਇਆ ?" ਸਾਰਿਆਂ ਦੇ ਅੰਦਰ ਇਕ ਸਆਲ ਉੱਠਿਆ ਹੋਇਆ ਸੀ, ਪਰ ਪੁਛਦਾ ਕੋਈ ਕਿਸੇ ਕੋਲੋ ਨਹੀਂ ਸੀ।

"ਕੀ ਹੋ ਗਿਆ ਸੀ ਕੁੜੇ ਤੈਨੂੰ......" ਦਾਨੀ ਚਾਚੀ ਨੇ ਝਕਝਕਾ ਕੇ ਪੁਛ ਹੀ ਲਿਆ।

"ਕੁਛ ਨੀ ਚਾਚੀ ਸਿਰ ਦੁਖਦੈ" ਪਰ ਲੀਲੋ ਦੇ ਇਸ ਉਤਰ ਨਾਲ ਹੀ ਤਾਂ ਉਨ੍ਹਾਂ ਦੀ ਤਸੱਲੀ ਨਹੀਂ ਸੀ ਹੋ ਜਾਣੀ। ਲੀਲੋ ਲਈ ਦਿਹਾੜੀ ਪੂਰੀ ਕਰਨੀ ਸੂਲਾਂ ਦਾ ਸੱਥਰ ਸੀ। ਉਹ ਚਾਹੁੰਦੀ ਸੀ ਵਿਚੇ ਛਡਕੇ ਘਰ ਚਲੀ ਜਾਵੇ ਤੇ ਜੁੱਲੜ 'ਚ ਸਿਰ ਲੁਕੋ ਕੇ ਰੱਜ ਕੇ ਰੋਵੇ।......ਤੇ ਦਾਤੀ ਦੇ ਤਿੱਖੇ ਦੰਦੇ ਉਸਦੀਆਂ ਉਂਗਲਾਂ ਉਤੇ ਫਿਰ ਗਏ। ਇਕ ਉਂਗਲ ਖਾਸੀ ਵੱਢੀ ਗਈ। ਕਿੰਨਾ ਹੀ ਨਹੁੰ ਉਤਰ ਗਿਆ, ਪਰ ਬਾਕੀਆਂ 'ਤੇ ਤਾਂ ਮਾਮੂਲੀ ਝਰੀਟਾਂ ਹੀ ਸਨ। ਚੁੰਨੀ ਨਾਲੋਂ ਲੜ ਪਾੜ ਕੇ ਪੱਟੀ ਬੰਨ ਲਈ ਤੇ ਫਿਰ ਥੱਕੇ ਟੁੱਟੇ ਜਿਸਮ ਨਾਲ ਵਢਦੀ ਰਹੀ।

ਮਸਾਂ ਮਰ ਕੇ ਦਿਨ ਛੁਪਿਆ। ਬਾਟੀ ਸਾਂਭਣ ਤੇ ਬਕਰੀ ਖੋਲ੍ਹਣ ਦੀ ਸਭ ਤੋਂ ਵਧ ਕਾਹਲ ਸੀ ਤਾਂ ਲੀਲੋ ਨੂੰ......।

"ਲੀਲੋ ਭਾਈ ਤੂੰ ਆਹ ਥੱਬਾ ਲੈ ਲੀਂ......ਤੂੰ ਆਹ......ਤੂੰ ਆਹ ਫਲਾਣੀਏ।" ਮੰਡਲੀ ਲਾਉਂਦਿਆਂ ਸਿਰ ਦਾ ਮੁੰਡਾਸਾ ਠੀਕ ਕਰਦਿਆਂ ਕੈਲੇ ਨੇ ਸਾਰਿਆਂ ਨੂੰ ਸੁਣਾ ਦਿੱਤਾ। ਕਣਕ ਉੱਤੇ ਡੋਲ ਰਖ ਕੇ ਜੋੜਾ ਝਾੜਦਾ ਉਹ ਬਲਦ ਖੋਲ੍ਹਣ ਚਲਾ ਗਿਆ।

ਲੀਲੋ ਦੱਸੀ ਹੋਈ ਨਿਸ਼ਾਨੀ ਮੁਤਾਬਕ ਆਪਣਾ ਥੱਬਾ ਚੁੰਨੀ 'ਚ ਬੰਨਣ ਲੱਗੀ ਤਾਂ ਉਸ ਨੂੰ ਆਪਣਾ ਥੱਬਾ ਦੂਜੇ ਥੱਬਿਆਂ ਤੋਂ ਵੱਡਾ ਲੱਗਾ। ਸਾਧਾਰਨ ਨਜ਼ਰ ਹੀ ਪਰਖ ਸਕਦੀ ਸੀ ਕੀ ਉਹ ਇਕ ਨਹੀਂ ਦੋ ਥੱਬੇ ਸਨ। ਲੀਲੋ ਨੇ ਪੂਰੇ ਹਿਸਾਬ ਨਾਲ ਅੱਧਾ ਲਾਂਗਾ ਚੁੱਕ ਕੇ ਪਰ੍ਹਾਂ ਵਗਾਹ ਮਾਰਿਆ ਤੇ ਆਪਣੇ ਹਿੱਸੇ ਦਾ ਚੁੰਨੀ ਵਿਚ ਬੰਨ, ਲਿਆ। ਖਿੰਡਿਆ ਥੱਬਾ ਦੂਰ ਤਕ ਤੀਲਾ ਤੀਲਾ ਹੋ ਗਿਆ। ਹੋਰ ਦੂਰ ਤਕ ਖਿੰਡਾਉਣ ਵਿਚ ਹਵਾ ਦੇ ਇਕ ਤਿੱਖੇ ਬੁੱਲੇ ਨੇ ਮਦਦ ਕੀਤੀ। ਜਿੰਨੀਆਂ ਕੁ ਘਾੜਾਂ ਹੁਣ ਤਕ ਚੁਗੀਆਂ ਸਨ—ਉਨੀਆਂ ਕੁ ਹੋਰ ਖਿੰਡਾ ਦਿੱਤੀਆਂ ਗਈਆਂ।

ਹੁਣ ਕੋਈ ਲੁਕੀ ਛੁਪੀ ਗੱਲ ਨਹੀਂ ਸੀ । ਕਿਸੇ ਦੀ ਜੀਭ ਹੁਣ ਮੂੰਹ ਵਿਚ ਪੈਂਦੀ ਤਾਂ ਕਿਉਂ ਪੈਂਦੀ । ਲੀਲੋ ਨਾਲ ਸਾਰਿਆਂ ਦੀ ਹਮਦਰਦੀ ਸੀ । ਪਾਲਾ ਕੈਲੇ ਦਾ ਵੱਡਾ ਭਰਾ ਵੀ ਕੈਲੇ 'ਤੇ ਬਹੁਤ ਔਖਾ ਸੀ ਪਰ ਉਹ ਕੁਝ ਆਖ ਨਾ ਸਕਿਆ ।

ਗਿਆਨੋ ਬੇਹੱਦ ਦੁਖੀ ਤੇ ਫ਼ਿਕਰਮੰਦ ਸੀ । ਉਸ ਨੂੰ ਆਪਣੀ ਵਿਚੋਲਗੀਰੀ ਦੇ ਠੀਕਰੇ ਦੇ ਫੁੱਟ ਜਾਣ ਦਾ ਪੂਰਾ ਡਰ ਸੀ । ਇਸ ਬਦਲੇ ਹੀ ਤਾਂ ਉਸ ਨੇ ਕੈਲੇ ਤੋਂ ਵੀਹ ਰੁਪਏ ਲੈ ਕੇ ਆਪਣੇ ਜੁਆਕਾਂ ਦੇ ਝੱਗੇ ਬਣਾਏ ਸਨ ।

ਰਾਹ ਆਉਂਦਿਆਂ ਕੈਲੇ ਨੇ ਗਿਆਨੋ ਨੂੰ ਵੀਹ ਰੁਪਏ ਵਾਪਸ ਦੇਣ ਦੀ ਗੱਲ ਕਹੀ । ਗਿਆਨੋ ਨੇ ਅੱਖਾਂ ਕੱਢੀਆਂ । ਕੈਲੇ ਨੇ ਦਿਹਾੜੀਆਂ 'ਚੋਂ ਕੱਟਣ ਦੀ ਧਮਕੀ ਦਿੱਤੀ ।

ਗਿਆਨੋ ਨੇ ਪੈਰੀਂ ਪਾਏ ਵਿੱਡੇ ਵਲ ਉਂਗਲ ਕਰ ਦਿੱਤੀ । ਪਿੰਡ ਆਉਂਦਿਆਂ ਤੱਕ ਮਣਾਂ-ਮੂੰਹੀ ਨ੍ਹੇਰਾ ਉਤਰ ਆਇਆ ਸੀ ।

# 4. ਨੰਗਾ ਸ਼ਹਿਰ

ਫ਼ਕੀਰ ਚੰਦ ਤੁੱਲੀ

ਕੁਤਾ:-

ਬੱਚੇ ਤੇ ਘਰ ਵਾਲੀ ਕਿਸੇ ਵਿਆਹ ਗਏ ਹੋਏ ਸਨ। ਸ਼ਾਇਦ ਤਾਂ ਹੀ ਮਾਲਿਕ ਬਹੁਤ ਉਦਾਸ ਸੀ......ਹੈਂ ! ਰਿਕਸ਼ਾਂ ਵਿੱਚੋਂ ਇਹ ਕੌਣ !... ਹੈਂ !! ... ਮਾਲਿਕ ਨਾਲ ਦੱਬੇ ਪੈਰੀਂ ਇਹ ਕੌਣ ??... ਗੋਰੀ ਜਿਹੀ ਕੁੜੀ... ਜੇਕਰ ਕਿਧਰੇ ਉਹ ਇਕੱਲੀ ਇਨ੍ਹਾਂ ਕਪੜਿਆਂ ਵਿਚ ਇਸ ਥਾਂ ਤੇ ਆਈ ਹੁੰਦੀ ਤਾਂ ਮੈਂ ਬਿਨਾਂ ਕੁੱਝ ਪੁੱਛੇ ਦੱਸੇ ਇਸਦੀ ਬੋਟੀ੍ਰ ਨਾ ਛੱਡਦਾ... ਪਰ ਮਾਲਿਕ ਨਾਲ ਔਂਦੀ ਤੋਂ ਵੀ ਮੈਥੋਂ ਚੁੱਪ ਨਹੀਂ ਰਿਹਾ ਗਿਆ... ਮੈਂ ਝਿੜਕਿਆ, "ਕਊਂ...ਕਊਂ...ਕਿਉਂ ਕਿਉਂ......ਊਂ...ਉਂ...ਉਂ !"

ਮਾਲਿਕ ਨੇ ਸ਼ਿਸ਼ਕਾਰਿਆ । ਪਰ...ਮੈਂ ਹੋਰ ਰੋਹ ਵਿਚ ਆ ਗਿਆ...ਮਾਲਿਕ ਨੇ ਮੇਰੇ ਡਾਂਗ ਕੱਢ ਮਾਰੀ......ਤੇ ਸੱਟ ਕਾਰਣ ਤੇ ਰੋਹ ਕਾਰਣ ਮੈਂ "ਦੱਸੂ...ਦੱਸੂ..." ਕਰਦਾ ਬਾਹਿਰ ਦਰਵਾਜ਼ੇ ਕੋਲ ਚਲਾ ਗਿਆ । ਮਾਲਿਕ ਦੀ ਨੀਤਾ ਤੋਂ ਵੀ ਕਿੰਨਾ ਭੋਲਾ ਚਿਹਰਾ ਹੈ ਇਸ ਗਰੀਬਣੀ ਜਿਹੀ ਮੰਗਤੀ ਦਾ...ਹਾਇ...ਮਾਲਕਿਣ ਦੀ ਸਾੜ੍ਹੀ ਬੰਨ੍ਹਵਾ ਛੱਡੀ ਆ ਇਸ ਹੱਡ ਨੇ ਇਸ ਪਾਟੀ ਜਿਹੀ ਲੀਰ ਨੂੰ...ਪਰ...ਜਾਪਦਾ ਆ ਜਿਵੇਂ ਮੈਂ ਬਹੁਤ ਵੱਡੀ ਗ਼ਲਤੀ ਕਰ ਬੈਠਾ ਆਂ...ਇਹ ਤਾਂ ਨਿਰੀ ਓਹੋ ਜਿਹੀ ਲੱਗਦੀ ਆ ਜਿੱਦਾਂ ਮਾਲਿਕ ਦੀ ਛੋਟੀ ਨੂੰਹ ਰਾਣੀ...

ਦਿਲ ਕੀਤਾ ਕਿ ਬਾਹਰੋਂ ਨੀਤਾ ਦੀ ਆਵਾਜ਼ ਵਿਚ ਬੋਲਾਂ...,"ਡੈਡੀ.. ਅਸੀਂ... ਅਸੀਂ...ਆ ਗਏ......"

ਹਵਾਈ ਫ਼ਾਇਰਾਂ ਵਾਂਗ ਮੈਂ ਫ਼ਜ਼ੂਲ ਹੀ ਗੇਟ ਤੇ ਖੜਾ ਕੜਕਦਾ ਰਿਹਾ...... ਗਵਾਂਢੋਂ ਆਵਾਜ਼ ਆਈ...ਅੰਨ੍ਹਾ ਕੁੱਤਾ ਵਾਅ ਨੂੰ ਭੌਂਕੇ...ਜਦ ਮੈਂ ਕੁਝ ਥਕ ਗਿਆ ਤਾਂ ਗੁਸਲਖ਼ਾਨੇ ਕੋਲ ਆ ਕੇ ਉਦਾਸ ਜਿਹਾ ਬੈਠ ਗਿਆ । ਮੈਨੂੰ ਯਾਦ ਆਇਆ ਕਿ ਕਿਵ ਇਕ ਦਿਨ ਵੱਡੀ ਦੀਦੀ ਲੇਟ ਘਰ ਪਹੁੰਚੀ ਸੀ...ਤਾਂ ਕਿੰਵ ਉਸ ਨੂੰ ਕੁਟਾਪਾ ਚੜ੍ਹਿਆ ਸੀ ...ਜਿਸ ਨੂੰ ਦੇਖ ਦੇਖ ਮੈਂ ਦੂਰੋਂ ਹੀ ਹੌਂਕਣ ਲਗ ਪਿਆ ਸਾਂ...

ਜਦ ਮੰਗਤੀ ਆਪਣੇ ਵੇਸ ਵਿਚ ਬਾਹਰ ਨਿਕਲੀ ਤਾਂ ਮੈਨੂੰ ਛਲੇਡੇ ਦੀ ਯਾਦ ਆਈ... ਤੇ ਮੰਗਤੀ ਆਪਣੇ ਰਾਹ ਪਈ ਪਰ... ਮੈਂ ਮਗਰੇ ਈ......ਉਸ ਲੀਰ ਜਿਹੀ ਛੋਕਰੀ ਨੇ ਰਾਹ ਵਿੱਚੋਂ ਆਟਾ ਤੇ ਥੋੜ੍ਹਾ ਜਿਹਾ ਘਿਓ ਲਿਆ... ਤੇ ਇਕ ਪੰਜੀ ਦਾ ਕੇਲਾ... ਤੇ ਫਿਰ ਤੁਰ ਪਈ... ਤੇ ਮੈਂ ਮਗਰੇ ਈ.. ਗੰਦੀ-ਹਨੇਰੀ ਜਿਹੀ ਬਸਤੀ ਜਿੱਥੇ ਨਾਲੀਆਂ ਦਾ ਪਾਣੀ ਉੱਛਲ ੨ ਕੇ ਕੁਝ ਕਹਿ ਰਿਹਾ ਸੀ...ਉਹ ਲੰਘਦੀ ਹੋਈ ਇੱਕ ਟੁੱਟਾ ਜਿਹਾ ਦਰਵਾਜ਼ਾ ਬਿਨਾਂ ਖੜਕਾਇਉਂ ਹੀ ਅੰਦਰ ਲੰਘ ਗਈ... ਇਕ ਮਾਂਗਣੂ ਜਿਹਾ ਨਿਆਣਾ ਕੇਲੇ ਨੂੰ ਭੱਜ ਕੇ ਪਿਆ... ਠੰਡਾ ਚੁੱਲ੍ਹਾ ਸਿਰ ਨੀਵੀਂ ਪਾਈ ਅਫ਼ਸੋਸਿਆ ਜਿਹਾ ਸ਼ਾਇਦ ਇਸੇ ਦੀ ਉਡੀਕ ਵਿਚ ਸੀ, ਮੈਂ ਅੱਖਾਂ 'ਚ ਬਰਸਾਤ ਰੋਕ ਉਸ ਦੇ ਲਾਗੇ ਖੜਾ ਸਾਂ...। ਉਂਸ ਪਰਤ ਕੇ ਮੇਰੇ ਵੱਲ ਤਕਿਆ... ਮੈਨੂੰ ਪਛਾਣ ਕੇ... ਉਹ ਦਬਕ ਨਾ ਸਕੀ...।

o o o

ਮੁਨੀਮ:-

ਲਾਲਾ ਲਕਸ਼ਮੀ ਦਾਸ—ਦੀਵਾਲਾ ਕਢਾ ਕੇ—ਬੜੇ ਠਾਠ ਨਾਲ ਰਹਿ ਰਿਹਾ ਹੈ... ਉਸ ਦੀ ਘਰ ਵਾਲੀ ਧਨਵੰਤੀ ਨੇ ਤਾਂ ਸਭ ਕੁਝ ਪਹਿਲਾਂ ਹੀ ਸਮੇਟ ਲਿਆ ਸੀ... ਦੋ ਕੂ ਵਰ੍ਹੇ ਦਿਖਾਵੇ ਲਈ ਨੌਕਰੀ ਕਰ ਕੇ—ਲਾਲਾ ਲਕਸ਼ਮੀ ਦਾਸ ਫੇਰ ਰੰਗ ਵਿਚ ਆ ਗਿਆ...

ਲਾਲਾ ਜੀ ਬਾਕੀ ਰੋਕੜ ਅੱਜ ਫੇਰ ਘਟ ਗਈ ਹੈ...... ਥੋੜ੍ਹੀ ਬਹੁਤੀ ਵਿਕਰੀ ਤਾਂ ਵਹੀਆਂ ਵਿਚ ਪੈਣੀ ਹੀ ਚਾਹੀਦੀ ਹੈ"... "ਓਏ ਵਿਕਰੀ ਰਾਮ ਦਿਆ ਭਾਣਜਿਆ, ਸੇਲ ਟੈਕਸ ਦਊ ਗਾ ਤੇਰਾ ਭਾਈਆ ?..."

"ਲਾਲਾ ਜੀ, ਭਾਅ ਦੇਖੋ ਕਿੱਥੇ ਚੜ੍ਹ ਗਏ ਆ, ਮੇਰਾ ਵੀ ਕੁਝ ਸੋਚੋ..."

"ਕਿਉਂ ਨਹੀਂ... ਅਉਂਦੇ ਵਰ੍ਹੇ ਤੁਹਾਡੀ ਤਰੱਕੀ ਆਪਣੇ ਆਪ ਹੀ ਲੱਗ ਜਾਏ ਗੀ......"

ਸੇਲ ਟੈਕਸ ਲਈ ਵਹੀਆਂ ਹੋਰ... ਇਨਕਮ ਟੈਕਸ ਲਈ ਵਹੀਆਂ ਹੋਰ... ਤੇ ਘਰ ਵਾਸਤੇ ਅਸਲੀ ਵਹੀਆਂ ਹੋਰ... ਹਾਏ ਰਾਮ... ਸਾਰੇ ਗੁਨਾਹਾਂ ਦਾ ਭਾਗੀ ਮੈਂ ਤੇ ਖਾਣ ਪੀਣ ਨੂੰ ਰਿੱਛ... ਉਫ਼ ਦੋ ਕੁੜੀਆਂ ਦਾ ਵਿਆਹ... ਘਰ ਵਾਲੀ ਦੀ ਬੀਮਾਰੀ... ਮੁੰਡੇ ਦੀਆਂ ਲੱਕ-ਤੋੜਵੀਆਂ ਫ਼ੀਸਾਂ ਦਾ ਭਾਰ... ਤੇ ਤਰੱਕੀ ਮਿਲੇ ਗੀ ਅਗਲੇ ਵਰ੍ਹੇ ਸ਼ਾਇਦ ਅਗਲੇਰੇ ਵਰ੍ਹੇ... ਪਿਛਲੇ ਜਨਮ ਮੈਂ ਅਣਗਿਣਤ ਪਾਪ ਕੀਤੇ ਜਾਪਦੇ ਆ... ਪਰ ਮੈਂ ਰੋਈ ਕਿਉਂ ਜਾਂਦਾ ਹਾਂ...।

ਤੇ ਸਾਲ ਮੁੱਕ ਗਿਆ... ਚਿੱਠਾ ਲਾਹੁਣ ਵਾਸਤੇ ਮੈਂ ਅਸਲੀ ਕਿਤਾਬਾਂ ਘਰ ਲੈ ਆਇਆ ਹਾਂ... ਕਿਤਾਬਾਂ ਨਹੀਂ ਲਾਲਾ ਲਕਸ਼ਮੀ ਦਾਸ ਦੀ ਜਿਸ ਤੋਤੇ ਵਿਚ ਜਾਨ ਹੈ ਆਪਣੇ ਘਰ ਲੈ ਆਇਆ ਹਾਂ...।

ਇਕ ਦਿਨ, ਦੋ ਦਿਨ... ਦੋ ਹਫਤੇ, ਜਦ ਮੈਂ ਦੁਕਾਨੇ ਨਾ ਮੁੜਿਆ ਤਾਂ ਮਿਮਨਾ ਘਰ ਆ ਬੈਠਾ..."ਦੇਵਤਿਓ, ਮੁੜ ਦਰਸ਼ਨ ਹੀ ਦੁਰਲੱਭ ਹੋ ਗਏ........ਅੱਛਾ, ਚਿੱਠਾ ਤਿਆਰ ਹੈ ?..." "ਕਿਹੜਾ ਚਿੱਠਾ ਲਾਲਾ ਜੀ ?"... ਤਾਂ ਸੇਠ ਦਾ ਰੰਗ ਉੜ ਗਿਆ......।

—"ਕਿਤਾਬਾਂ ਮਿਲ ਸਕਦੀਆਂ ਹਨ... ਕੀਮਤ ਤੀਹ ਹਜ਼ਾਰ... ਬੋਲੋ ?"

—"ਅੱਜ ਨਿਕਲਿਆ ਹੈ ਦੀਵਾਲਾ......"

o o o

ਫ਼ਾਈਲ:-

ਮੈਨੂੰ ਦਫ਼ਤਰ ਵਿੱਚੋਂ ਬਾਹਰ ਨਾ ਕੱਢਣ ਲਈ ਮੇਰੇ ਜਨਮ ਵੇਲੇ ਹਿਦਾਇਤਾਂ ਮੇਰੇ ਤੇ ਚਿਪਕਾ ਦਿੱਤੀ ਗਈਆਂ ਸਨ ਪਰ ਜਿਹੜਾ ਵੀ ਮੇਰੇ ਵਿਚ ਭੇਤ ਡੱਕਿਆ ਜਾਂਦਾ ਹੈ... ਉਹ ਚੁਗਲਖੋਰ ਜ਼ਨਾਨੀ ਵਾਂਗ...'ਅੱਗੇ ਨਾ ਦੱਸੀਂ' ਕਹਿ ਕੇ... ਆਪਣੇ ਆਪ ਹੀ ਅਗਾਂਹ ਨਹੀਂ ਤੁਰਦਾ... ਮੈਂ ਹੀ ਮਜਬੂਰ ਕਰਦੀ ਹਾਂ ਕਿ ਆਹ ਸ਼ਹਿਰ ਏਦਾਂ ਈ... ਹਾਅ......।

o o o

ਸਟਰੀਟ ਲਾਈਟ:-

ਚੋਰਾਂ ਨਾਲ ਰਲਦੇ ਪਹਿਰੇਦਾਰ. ਤੇ ਪਹਿਰੇਦਾਰਾਂ ਨਾਲ ਰਲਦੇ ਚੋਰ, ਮਰਜ਼ੀ ਨਾਲ ਉਧਲੀਆਂ ਤੇ ਉਧਾਲੀਆਂ ਜਾਂਦੀਆਂ ਲਗਰਾਂ... ਸਿਨਮੇ ਦਾ ਆਖ਼ਰੀ ਸ਼ੋਅ ਦੇਖ ਕੇ ਮੁੜਦੇ ਸ਼ਰਾਬੀ ਮੁੰਡੇ......ਮੈਂ ਸਾਰਿਆਂ ਤੇ ਕਿਆਮਤ ਦੀ ਨਜ਼ਰ ਰੱਖ ਸਕਦੀ ਹਾਂ... ਜਦ ਰਾਤ ਟਿਕ ਜਾਂਦੀ ਹੈ... ਕਪੜਾ... ਇੱਟਾਂ... ਘਿਓ .. ਦਾਲਾਂ... ਮੈਨੂੰ ਚੀਕਦੇ ਸੁਣਾਈ ਦਿੰਦੇ ਨੇ... ਚੀਕਦੇ ਨੇ... ਤਰਸਦੇ ਨੇ ਉਨ੍ਹਾ ਮਿਹਨਤੀ ਹੱਥਾਂ ਦੀ ਛੋਹ ਨੂੰ... ਜਿਨ੍ਹਾਂ ਉਨ੍ਹਾਂ ਨੂੰ ਜਨਮ ਦਿੱਤਾ...।

o o o

ਕੰਧਾਂ:-

ਤ੍ਰਿਪ ਤ੍ਰਿਪ ਡਿਗਦੇ ਪੂਰਨਮਾ ਦੇ ਅੱਥਰੂ...... ਕੰਧਾਂ ਬਣਿਆ ਸਮਾਜ ਪਰ-ਜ਼ਾਤੀ ਵਿਚ ਕਿਵੇਂ ਵਿਆਹ ਦੀ ਇਜਾਜ਼ਤ ਦੇਵੇ...... ਤੇ ਪੂਰਨਮਾ ਨੂੰ ਅਮਾਵਸ ਕਹਿਣ ਨੂੰ ਦਿਲ ਕੀਤਾ ਜਦ ਉਸ ਬਿਨਾਂ ਵਿਰੋਧ ਰੰਗਪੁਰ ਤੋਂ ਆਈ ਅੰਗੂਠੀ ਪਾ ਲਈ, ਉਸ ਉੱਤੇ ਡਿੱਗਣ ਨੂੰ ਦਿਲ ਕੀਤਾ... ਉਸ ਨੂੰ ਹੀਰ ਦਾ ਕਲਾਮ ਸੁਣਾਉਣ ਨੂੰ ਦਿਲ ਕੀਤਾ......।

o o o

ਰਿਕਸ਼ਾ ਵਾਲਾ:-

ਤੇਤੀ ਵਰ੍ਹੇ ਰਿਕਸ਼ਾ ਚਲਾਦੇ ਵੀ ਮੈਂ ਇਸ ਕਾਬਿਲ ਨਹੀਂ ਹੋ ਸਕਿਆ ਕਿ ਸਿਰ ਲਕੋਣ ਲਈ ਕੁੱਲੀ ਖੜੀ ਕਰ ਸਕਾਂ... ਕਾਕੇ ਜੁੱਤੀਆਂ ਪਾਲਿਸ਼ ਕਰਦੇ ਫਿਰਦੇ ਨੇ... ਕਾਕੀ ਸਿਰ ਚੜ੍ਹੀ ਐ... ਰੋਜ਼ ਰਾਤ ਨੂੰ ਨੋਟਾਂ ਦੇ ਸੁਪਨੇ ਔਂਦੇ ਨੇ... ਪਰ ਸਾਰਾ ਸਾਰਾ ਦਿਨ ਕੋਈ ਸਵਾਰੀ ਵੀ ਨਹੀਂ ਜੁੜਦੀ... ਮੁੰਡੇ ਤਾਂ ਮੁੱਲ ਵਿਕਦੇ ਆ... ਕੁੜੀਆਂ ਤਾਂ ਅੱਲਾ ਨਿੱਜ ਜੰਮਣ... ਜਦ ਖ਼ਾਲੀ ਹੋਈਏ ਤਾਂ ਸਵਾਰੀ ਨਹੀਂ ਜੁੜਦੀ, ਹੁਣ ਭਾਰ ਲੱਦ ਲਿਐ ਤੇ......।

"ਨਹੀਂ ਜੀ... ਦੂਰ ਆ... ਪੈਸੇ ਠੀਕ ਹੀ ਨੇ..."

"...ਮਹਾਰਾਜ ਸ਼ੱਕ ਤਾਂ ਮੈਨੂੰ ਉਦੋਂ ਹੀ ਪੈ ਗਿਆ ਜਦ ਇਨ੍ਹਾਂ ਟੱਪ ਲੈਣ ਨੂੰ ਕਿਹਾ ਸੀ..." "ਸ਼ਾਬਾਸ਼" ਠਾਣੇਦਾਰ ਨੇ ਰਿਕਸ਼ਾ ਵਾਲੇ ਨੂੰ ਥਾਪੀ ਦਿੱਤੀ... "ਕਿਹੜੇ ਪਿੰਡੋਂ ਸ਼ਿਕਾਰ ਮਾਰਿਐ... ਹਰਾਮ ਦਿਆ...!"......"ਜੀ...ਜੀ...ਇਹ ਤਾਂ ਮੇਰੀ ਭੈਣ......"

o o o

ਚੌਂਕ ਵਿਚ ਖੜਾ ਸ਼ਹੀਦ ਦਾ ਬੁੱਤ:-

ਉਫ਼... ਕੀ ਮੈਂ ਇਸ ਕਰ ਕੇ ਫਾਂਸੀ ਦੇ ਰੱਸੇ ਨੂੰ ਚੁੰਮਿਆ ਸੀ ਕਿ ਆਪਣੇ ਲੋਕਾਂ ਨੂੰ ਭ੍ਰਿਸ਼ਟਾਚਾਰ ਦਾ ਮੌਕਾ ਮਿਲ ਸਕੇ...... ਰੁਜ਼ਗਾਰ ਦਫਤਰ ਦੀ ਲੰਮੀ ਕਤਾਰ ਵਿਚ ਧੱਕੇ ਖਾਣ ਤੋਂ ਬਾਅਦ ਜਦ ਚਪੜਾਸੀ ਦੀ ਨੌਕਰੀ ਨਾ ਮਿਲਣ ਤੇ ਇਕ ਗਰੈਜੂਏਟ ਨਿੰਮੋਝੂਣਾ ਜਿਹਾ ਲੱਤਾਂ ਘੜੀਸਦਾ ਘੜੀਸਦਾ ਮੇਰੇ ਵੱਲ ਤਿਰਛੀ ਜਿਹੀ ਨਜ਼ਰ ਨਾਲ ਦੇਖਦਾ ਹੈ...... ਜਦ ਗ਼ਮਗੀਨ ਜਹੇ ਭਰੇ ਛਾਬਿਆਂ ਵਾਲੇ ਘਰ ਨੂੰ ਮੁੜ ਰਹੇ ਹੁੰਦੇ ਹਨ...... ਜਦ ਅਧ-ਮਰਿਆ ਜਿਹਾ ਕੋਈ ਉਧਾਰ ਨਾ ਮਿਲਣ ਤੇ ਉਦਾਸ ਜਿਹਾ, ਡਿਗਣ ਡਿਗਣ ਕਰਦਾ ਲੰਘਦਾ ਹੈ ...... ਜਦ ਸਾਰੇ ਦਿਨ ਦੀ ਉਡੀਕ ਪਿੱਛੋਂ, ਵਿਸ਼ਵਕਰਮਾ ਚੌਂਕ ਵਿੱਚੋਂ ਕੋਈ ਮਜ਼ਦੂਰ ਬੇਕਾਰ ਘਰ ਨੂੰ ਮੁੜ ਰਿਹਾ ਹੁੰਦਾ ਹੈ...... ਜਦ ਕੋਈ ਸ਼ਰਾਬ ਨਾਲ ਰੱਜਿਆ ਸ਼ਹਿਰ ਦਾ ਪਤਵੰਤਾ. ਬਲੈਕ ਦੇ ਲੋਰ ਵਿਚ ਤੇਜ਼ੀ ਨਾਲ ਲੰਘਦਾ ਇਕ ਮੰਗਤੇ ਨੂੰ ਕਾਰ ਥੱਲੇ ਦੇ ਕੇ, ਤੇ ਉਸ ਨੂੰ ਗਾਲ੍ਹਾਂ ਕਢਦਾ, ਬਕੜਵਾਹ ਕਰਦਾ ਲੰਘਦਾ ਹੈ...... ਜਦ... ਤਦ... ਤਾਂ ਜੀ ਕਰਦਾ ਹੈ, ਕਿ ਬਾਹਰ ਨਿਕਲ ਪਵਾਂ......ਪਰ... ।

ਫ਼ਕੀਰ ਚੰਦ ਤੁੱਲੀ ਦਾ ਪਲੇਠਾ ਕਾਵਿ-ਸੰਗ੍ਰਹਿ
ਆਪਣੀ ਕੈਦ 'ਚ ਰਾਵਣ-ਕੈਦ
ਮੁੱਲ: ਇਕ ਰੁਪਿਆ    ਪ੍ਰਕਾਸ਼ਕ: ਸੰਵੇਦਨਾ ਪ੍ਰਕਾਸ਼ਨ, ਹਸਪਤਾਲ ਰੋਡ, ਢਿੱਲਵਾਂ (ਕਪੂਰਥਲਾ)

# 5. ਕਾਲੀ ਧੁੱਪ

ਵਰਿਆਮ ਸਿੰਘ ਸੰਧੂ



ਤ੍ਰਿਖਤ ਦੁਪਹਿਰ। ਕਿਰਨਾ ਦੇ ਮੂੰਹ ਵਿਚੋਂ ਅੱਗ ਵਰ੍ਹਦੀ ਪਈ ਸੀ।

ਸਵੇਰੇ—ਸੂਰਜ ਚੜ੍ਹਨ ਤੋਂ ਪਹਿਲਾਂ ਦੀਆਂ, ਦੋਵੇਂ ਮਾਵਾਂ ਧੀਆਂ, ਪੈਲੀ ਪੈਲੀ ਫਿਰ ਕੇ ਕਣਕ ਦੇ ਵੱਢਾਂ ਵਿਚੋਂ ਸਿੱਟੇ ਚੁਣ ਰਹੀਆਂ ਸਨ। ਸਾਰੇ ਦਿਨ ਦੀ ਹੱਡ-ਭੰਨਵੀਂ ਮਿਹਨਤ ਮਸਾਂ ਕਰ ਕੇ ਰਾਤ ਦੇ ਇਕ ਡੰਗ ਦੀ ਰੋਟੀ।

ਬੁਢੜੀ ਮਾਂ ਥੱਕ ਕੇ ਵੱਢ ਦੇ ਕਿਨਾਰੇ ਇਕ ਛੋਟੀ ਜਿਹੀ ਬੇਰੀ ਹੇਠਾਂ ਬੈਠ ਗਈ। ਪਰ ਧੀ ਸਿੱਟੇ ਚੁਣਦੀ ਜਾ ਰਹੀ ਸੀ। ਚੁਣਦੀ ਜਾ ਰਹੀ ਸੀ। ਪਸੀਨਾ ਚੋ ਚੋ ਕੇ ਉਸ ਦੇ ਸਾਂਵਲੇ ਰੰਗ ਵਿਚ ਘੁਲਦਾ ਪਿਆ ਸੀ।

ਪਰੇ ਸੜਕ ਉੱਤੋਂ ਉਤਰ ਕੇ, ਡੰਡੀ ਡੰਡੀ, ਮਹਿਲਾਂ ਵਾਲੇ ਸਰਦਾਰਾਂ ਦੀਆਂ ਦੋਵੇਂ ਕੁੜੀਆਂ ਸ਼ਹਿਰੋਂ ਪੜ੍ਹ ਕੇ ਮੁੜ ਰਹੀਆਂ ਸਨ। ਕਾਲੀਆਂ ਐਨਕਾਂ ਲਾਈ, ਛਤਰੀਆਂ ਤਾਣੀ। ਫਿਟ ਕਪੜਿਆਂ ਵਿਚ ਉਹਨਾਂ ਦੇ ਸਰੀਰ ਦੀਆਂ ਗੁਲਾਈਆਂ ਮੱਛੀਆਂ ਵਾਂਗ ਮਚਲ ਰਹੀਆਂ ਸਨ। ਰੁਮਾਲਾਂ ਨਾਲ ਮੂੰਹ ਨੂੰ ਹਵਾ ਦਿੰਦੀਆਂ, ਆਪੋ ਵਿਚ ਗੱਲਾਂ ਕਰਦੀਆਂ, ਖਿੜ ਖਿੜ ਹੱਸਦੀਆਂ ਉਹ ਉਹਨਾਂ ਦੇ ਕੋਲੋਂ ਗੁਜ਼ਰ ਗਈਆਂ।

ਧੀ ਉਹਨਾਂ ਨੂੰ ਜਾਂਦਿਆਂ ਕਿੰਨਾ ਚਿਰ ਪਿਛੋਂ ਵੇਖਦੀ ਰਹੀ। ਪਸੀਨਾ ਉਸ ਦੇ ਸਿਰ ਤੋਂ ਲੈ ਕੇ ਪੈਰਾਂ ਤਾਈਂ ਚੋ ਰਿਹਾ ਸੀ। ਉਹਦੇ ਲੱਕ ਵਿਚੋਂ ਥਕਾਵਟ ਨਾਲ ਪੀੜਾਂ ਨਿਕਲ ਰਹੀਆਂ ਸਨ। ਢਿੱਡ ਵਿਚ ਭੁੱਖ ਨਾਲ ਵੱਟ ਪੈ ਰਹੇ ਸਨ। ਪਿੰਡੇ ਵਿਚ ਜਿਵੇਂ ਸੂਈਆਂ ਚੁਭ ਰਹੀਆਂ ਹੋਣ। ...ਉਸ ਨੂੰ ਲੱਗਾ ਜਿਵੇਂ ਉਹ ਹੁਣੇ ਡਿਗ ਪਵੇਗੀ। ਕਾਹਲੀ ਕਾਹਲੀ ਉਹ ਮਾਂ ਦੇ ਕੋਲ ਬੇਰੀ ਹੇਠਾਂ ਜਾ ਕੇ ਬੈਠ ਗਈ। ਬੇਰੀ ਦੇ ਪੱਤਿਆਂ ਦੀ ਵਿਰਲਾਂ ਰਾਹੀਂ ਧੁਪ ਛਣ ਛਣ ਕੇ ਪੈ ਰਹੀ ਸੀ।

ਟਾਕੀਆਂ ਲੱਗੀ ਸਲਵਾਰ ਨੂੰ ਉਸ ਗਿਟਿਆਂ ਤੋਂ ਉਤਾਂਹ ਚੁੱਕਿਆ। ਫਿਰ ਪਾਟੀ ਚੁੰਨੀ ਨਾਲ ਮੁੜ੍ਹਕਾ ਪੂੰਝਿਆ। ਉਹਦੇ ਸਰੀਰ ਦਾ ਅੰਗ ਅੰਗ ਥਕਾਵਟ ਵਿਚ ਨਿੰਦਰਾਇਆ ਪਿਆ ਸੀ। ਉਸ ਦਾ ਜੀਅ ਕੀਤਾ ਛਾਵੇਂ ਲੰਮੀ ਪੈ ਜਾਵੇ। ਸੌਂ ਜਾਵੇ......ਸੌਂ ਜਾਵੇ।

ਤੇ ਫਿਰ ਪਤਾ ਨਹੀਂ ਮਹਿਲਾਂ ਵਾਲਿਆਂ ਦੀਆਂ ਦੂਰ ਪਿੰਡ ਵੜਦੀਆਂ—ਕੁੜੀਆਂ ਦੀਆਂ ਪਿੱਠਾਂ ਤੇ ਨਜ਼ਰ ਗੱਡੀ ਉਸ ਨੂੰ ਕੀ ਖਿਆਲ ਆਇਆ। ਮਾਂ ਨੂੰ ਪੁੱਛਣ ਲੱਗੀ, "ਮਾਂ ਨੀ ਮਾਂ! ਅੜੀਏ! ਭਲਾ ਜਵਾਨੀ ਕਦੋਂ ਕੁ ਆਉਂਦੀ ਹੈ?"

ਬੁੱਢੜੀ ਮਾਂ ਨੇ ਚੁੰਚੀਆਂ ਅੱਖਾਂ ਵਿਚੋਂ ਧੀ ਦੇ ਚਿਹਰੇ ਵੱਲ ਡੂੰਘਾ ਤਕਿਆ। ਫਿਰ ਜਿਵੇਂ ਕੋਈ ਫਿਲਾਸਫਰ ਬੋਲਦਾ ਹੈ, "ਪੁੱਤ! ਜਦੋਂ ਬਹੁਤਾ ਹਾਸਾ ਆਵੇ। ਖਿੜ ਖਿੜਾ ਕੇ—ਬਿਨਾਂ ਕਿਸੇ ਗੱਲ ਤੋਂ.........।"

ਕੁੜੀ ਦੇ ਬੋਲਾਂ ਵਿਚ ਜਿਵੇਂ ਸਾਰੇ ਜਹਾਨ ਦਾ ਦਰਦ ਇਕੱਠਾ ਹੋ ਗਿਆ, "ਹਾਇ! ਹਾਇ!......ਨੀ ਮਾਂ ਇਹ ਤਾਂ ਪਿਛਲੇ ਸਾਲ ਬੜਾ ਆਇਆ ਸੀ......।" ਹੱਥ ਵਿਚ ਫੜਿਆ ਸਿੱਟਾ ਉਸ ਉਂਗਲਾਂ ਵਿਚ ਜ਼ੋਰਾਂ ਦੀ ਮਲ ਦਿਤਾ।

ਦੂਰ ਤੱਕ ਚਾਰੇ ਪਾਸੇ ਕਾਲੀ ਧੁੱਪ ਧਰਤੀ ਦਾ ਪਿੰਡਾ ਲੂਹ ਰਹੀ ਸੀ।

---

ਨੌਜਵਾਨ ਕਹਾਣੀਕਾਰ ਵਰਿਆਮ ਸਿੰਘ ਸੰਧੂ ਦੀ ਮਹਾਨ-ਪੇਸ਼ਕਸ਼
ਲੋਹੇ ਦੇ ਹੱਥ (ਕਹਾਣੀ ਸੰਗ੍ਰਹਿ)
(ਲੋਕਦੂਤ ਪਬਲਿਸ਼ਰਜ਼; ਸ਼ਾਮ ਲਾਲ ਰੋਡ, ਲੁਧਿਆਣਾ)



'ਵਤਨੋਂ ਦੂਰ' ਦਾ ਇਹ ਇੱਕ ਸਥਾਈ-ਕਾਲਮ ਹੋਵੇਗਾ। ਇਸ ਵਿੱਚ ਅਸੀਂ ਪੰਜਾਬੀ-ਬੋਲੀ ਦੇ ਪ੍ਰਸਿੱਧ ਹਾਸ-ਰਸ ਲੇਖਕਾਂ- ਚਰਨ ਸਿੰਘ ਸ਼ਹੀਦ, ਭਾਈਆ ਈਸ਼ਰ ਸਿੰਘ, ਪਿਆਰਾ ਸਿੰਘ ਦਾਤਾ, ਗੁਰਨਾਮ ਸਿੰਘ ਤੀਰ, ਅਨੰਤ ਸਿੰਘ ਕਾਬਲੀ, ਕਨ੍ਹਈਆ ਲਾਲ ਕਪੂਰ, ਸੂਬਾ ਸਿੰਘ, ਦਲੀਪ ਸਿੰਘ ਭੂਪਾਲ- ਦੀਆਂ ਹਾਸ-ਰਚਨਾਵਾਂ ਪੇਸ਼ ਕਰਾਂਗੇ। ਇਸ ਵਾਰ 'ਨਵਾਂ-ਸਾਹਿੱਤ' ਦਿੱਲੀ ਦੇ ਸਹਿਜੋਗ ਨਾਲ ਦੋ ਵੰਨਗੀਆਂ ਹਾਜ਼ਰ ਹਨ। (ਸੰਪਾਦਕ)

## 1. ਇਸ਼ਕ ਜਿੰਨ੍ਹਾਂ ਦੇ ਹੱਡੀਂ ਰਚਿਆ
(ਦਲੀਪ ਸਿੰਘ ਭੂਪਾਲ)

ਇਸ਼ਕ ਜਿੰਨ੍ਹਾਂ ਦੇ ਹੱਡੀ ਰਚਿਆ, ਹੱਡ ਉਨ੍ਹਾਂ ਦੇ ਪੋਲੇ
ਹਰ ਕੋਈ ਮਾੜਾ ਕਹੇ ਉਨ੍ਹਾਂ ਨੂੰ, ਹਰ ਕੋਈ ਮੰਦਾ ਬੋਲੇ।

ਮਾਰਕੀਟ ਵਿਚ ਭਾ ਨਹੀਂ ਰਹਿੰਦਾ, ਆਨਾ ਨਾ ਦੋ ਆਨੇ,
ਸੱਚ ਪੁਛੋ ਤਾਂ ਆਸ਼ਿਕ ਨਾਲੋਂ, ਮਹਿੰਗੇ ਵਿਕਦੇ ਛੋਲੇ।

ਊਲ-ਜਲੂਲ 'ਚ ਰੁੱਝਾ ਰਹਿੰਦਾ, ਮਗਜ਼ ਨਾ ਰਹੇ ਟਿਕਾਣੇ,
ਮਰਨੇ-ਪਰਨੇ, ਵਿਆਹ-ਮੁਕਲਾਵੇ, ਇਕੋ ਗਾਵੇ ਢੋਲੇ।

ਆਸ਼ਿਕ ਦੀ ਨਹੀਂ ਇਜ਼ਤ ਕੋਈ ਦੁਨੀਅਦਾਰ ਜ਼ਮਾਨੇ ਵਿਚ,
ਲਲੂ-ਪੰਜੂ ਭਾਣੇ ਆਸ਼ਿਕ, ਵਿਹਲਾ ਮਿੱਟੀ ਤੋਲੇ।

ਤਾਕਤ ਚਾ ਨਹੀਂ ਛੱਕਾ ਪੱਲੇ, ਬੋਡੀ ਹੋਈ ਜਵਾਨੀ,
ਤੇਜ਼ ਪੁਰੇ ਦੀ ਫੂੰਕ ਜੇ ਆਵੇ, ਕਾਹੀ ਵਾਂਗੂ ਡੋਲੇ।

ਨਾ ਸਿਰ ਦੀ ਨਾ ਮੂੰਹ ਦੀ ਇਹਨੂੰ, ਨਾ ਕੋਈ ਲੀੜੇ-ਲੱਤੇ ਦੀ,
ਇਸ਼ਕ ਮਾਰਦਾ ਹਰਦਮ ਕਸਕਾਂ, ਖਾਂਦਾ ਜਾਏ ਹਿਚਕੋਲੇ।

## 2. ਬੇ-ਟਿਕਟਾ ਸਫ਼ਰ

ਸਦਾਬਹਾਰ ਹਾਸ-ਰਸੀ ਈਸ਼ਰ ਸਿੰਘ ਈਸ਼ਰ ਦੀ ਇਹ ਰਚਨਾ ਸ੍ਰ: ਪਿਆਰਾ ਸਿੰਘ ਦਾਤਾ ਦੀ ਸੰਪਾਦਤ ਕੀਤੀ ਪ੍ਰਸਿੱਧ ਹਾਸ-ਪੁਸਤਕ "ਆਪ-ਬੀਤੀਆਂ" ਵਿਚੋਂ ਦਿਤੀ ਜਾ ਰਹੀ ਹੈ।

ਪਿਆਰਾ ਸਿੰਘ ਦਾਤਾ ਇਸ ਸਮੇਂ ਦੇ ਮੋਹਰੀ ਹਾਸ-ਰਸ ਲੇਖਕ ਹਨ ਅਤੇ ਪੰਜਾਬੀ ਦੇ ਇੱਕੋ ਇਕ ਹਾਸ-ਰਸੀ ਮਾਸਕ-ਪੱਤਰ 'ਨਵਾਂ-ਸਾਹਿੱਤ' ਦੇ ਸੰਪਾਦਕ ਹਨ।

'ਵਤਨੋਂ ਦੂਰ' ਨੂੰ ਭਵਿੱਖ ਵਿੱਚ ਉਨ੍ਹਾਂ ਦੇ ਸਹਿਯੋਗ ਦੀ ਪੂਰਨ-ਆਸ ਹੈ।

– ਸੰਪਾਦਕ

ਇਕ ਵਾਰੀ ਮੈਂ ਰਾਵਲਪਿੰਡੀ ਤੋਂ ਲਾਹੌਰ ਆ ਰਿਹਾ ਸਾਂ । ਜਿਸ ਡਬੇ ਵਿਚ ਮੈਂ ਚੜ੍ਹਿਆ, ਉਸ ਵਿਚ ਮੇਰੇ ਤੋਂ ਪਹਿਲਾਂ ਸਾਡਾ ਗਵਾਂਢੀ ਮਖਣ ਸਿੰਘ ਅਗੇ ਹੀ ਪੂਰੀ ਸੀਟ ਪੁਰ ਪੈਰ ਪਸਾਰ ਕੇ ਲੇਟਿਆ ਹੋਇਆ ਸੀ। ਗਡੀ ਵਿਚ ਬੜਾ ਰਸ਼ ਸੀ ਤੇ ਉਸਨੇ ਮੈਨੂੰ ਦੂਰੋਂ ਵੇਖਦਿਆਂ ਹੀ ਇਸ਼ਾਰੇ ਨਾਲ ਆਪਣੇ ਪਾਸ ਸਦਿਆ, ਤੇ ਆਪਣੇ ਨਾਲ ਵਾਲੀ ਸੀਟ ਤੇ ਮੈਨੂੰ ਬਿਠਾ ਲਿਆ । ਮੈਂ ਬੈਠਾ ਹੀ ਸਾਂ, ਕਿ ਗਡੀ ਚਲ ਪਈ, ਤੇ ਅਸੀਂ ਆਪਣੀਆਂ ਗਲਾਂ ਵਿਚ ਜੁਟ ਪਏ । ਕਿਸੇ ਅਗਲੇ ਸਟੇਸ਼ਨ ਤੇ ਟਿਕਟ ਚੈਕਰ ਆਇਆ, ਤਾਂ ਬੇ-ਟਿਕਟਿਆਂ ਨੂੰ ਹਥਾ ਪੈਰਾਂ ਦੀ ਪੈ ਗਈ । ਮੈਂ ਆਪਣਾ ਟਿਕਟ ਵਿਖਾਇਆ ਇੰਨੇ ਨੂੰ ਕੀ ਵੇਖਿਆ, ਕਿ ਮਖਣ ਸਿੰਘ ਗ਼ਾਇਬ ਸੀ । ਮੈਂ ਬੜਾ ਹੈਰਾਨ ਹੋਇਆ, ਕਿ ਘੜੀ ਪਲ ਵਿਚ ਉਹ ਕਿਧਰ ਚੰਪਤ ਹੋ ਗਿਆ ਹੈ, ਪਰ ਕੁਝ ਸਮਝ ਨਾ ਆਈ । ਟਿਕਟ ਚੈਕਰ, ਟਿਕਟਾਂ ਵੇਖ ਕੇ, ਬੇ ਟਿਕਟਿਆਂ ਨੂੰ ਜੁਰਮਾਨੇ ਕਰ ਜਦੋਂ ਅਗਲੇ ਸਟੇਸ਼ਨ ਤੇ ਗਡੀ ਤੋਂ ਉਤਰਣ ਲਗਾ, ਤਾਂ ਇਕ ਪਠਾਣ ਬੜੇ ਜ਼ੋਰ ਨਾਲ ਟਟੀ ਦਾ ਦਰਵਾਜ਼ਾ ਖੋਲ੍ਹ ਰਿਹਾ ਸੀ, ਪਰ ਦਰਵਾਜ਼ਾ ਨਹੀਂ ਸੀ ਖੁਲ੍ਹ ਰਿਹਾ ।

ਜਦੋਂ ਉਹ ਜ਼ੋਰ ਲਾ ਲਾ ਥਕ ਗਿਆ, ਤਾਂ ਟਿਕਟ ਚੈਕਰ ਨੂੰ ਕਹਿਣ ਲਗਾ, "ਹਜ਼ੂਰ ! ਜ਼ਰਾ ਇਹ ਦਰਵਾਜ਼ਾ ਤਾਂ ਖੋਲ੍ਹਣਾ, ਪਤਾ ਨਹੀਂ ਇਸਨੂੰ ਕੀ ਹੋ ਗਿਆ ਹੈ ?"

ਟਿਕਟ ਚੈਕਰ ਨੇ ਆਪਣਾ ਪੂਰਾ ਤ੍ਰਾਣ ਲਾਇਆ, ਪਰ ਉਹ ਫਿਰ ਵੀ ਨਾ ਖੁਲ੍ਹਿਆ । ਉਸ ਸਮਝਿਆ ਕਿ ਦਰਵਾਜ਼ਾ ਜਾਮ ਹੋ ਗਿਆ ਹੈ, ਸੋ ਉਹ ਕੋਈ ਚਾਰਾ ਨਾ ਚਲਦਾ ਵੇਖ ਕੇ ਉਤਰਣ ਲਗਾ, ਤਾਂ ਤੂਸੇ ਹੋਏ ਡਬੇ ਚੋਂ ਕਈ ਆਦਮੀ ਇਕ ਵਾਰਗੀ ਬੋਲ ਪਏ, "ਜਨਾਬ ! ਜੇ ਦਰਵਾਜ਼ਾ ਨਾ ਖੁਲ੍ਹਾ, ਤਾਂ ਅਸੀਂ ਸਾਰਾ ਰਾਹ ਟਟੀ ਪਿਸ਼ਾਬ ਕਿਥੇ ਕਰਾਂਗੇ ?"

ਟਿਕਟ ਚੈਕਰ ਆਪਣੀ ਬੇਬਸੀ ਜ਼ਾਹਿਰ ਕਰਣ ਹੀ ਲਗਾ ਸੀ, ਕਿ ਉਸਨੂੰ ਡਬੇ ਕੋਲੋਂ ਲੰਘਦਾ ਇਕ ਰੇਲਵੇ ਮਿਸਤਰੀ ਨਜ਼ਰ ਆਇਆ । ਮਿਸਤਰੀ ਨੇ ਹਥਿਆਰਾਂ ਦਾ ਥੈਲਾ ਗਲ ਵਿਚ ਲਟਕਾਇਆ ਹੋਇਆ ਸੀ, ਤੇ ਦਰਵਾਜ਼ਿਆਂ ਬਾਰੀਆਂ ਆਦਿ ਦੀ ਵੇਖ ਭਾਲ ਕਰਦਾ ਉਥੋਂ ਲੰਘ ਰਿਹਾ ਸੀ । ਉਸਨੂੰ ਚੈਕਰ ਨੇ ਬੁਲਾ ਕੇ ਟਟੀ ਦਾ ਦਰਵਾਜ਼ਾ ਖੋਲਣ ਲਈ ਕਿਹਾ । ਮਿਸਤਰੀ ਨੇ ਹਥਿਆਰ ਕਢੇ, ਤੇ ਦਰਵਾਜ਼ਾ ਬੰਦ ਕਰਨ ਜਾਂ ਖੋਲਣ ਵਾਲੀ ਹਥੀ ਨੂੰ ਖੋਲ੍ਹਣਾ ਚਾਹਿਆ, ਪਰ ਹਥੀ ਇਨੀ ਸਖ਼ਤ ਸੀ, ਕਿ ਉਸਦਾ ਕੋਈ ਹਥਿਆਰ ਵੀ ਉਸਨੂੰ ਢਿਲਾ ਨਾ ਕਰ ਸਕਿਆ । ਅਧਾ ਕੁ ਘੰਟਾ ਗਡੀ ਉਸਨੂੰ ਸਟੇਸ਼ਨ ਤੇ ਖੜੋਤੀ, ਤੇ ਇਨਾ ਚਿਰ ਮਿਸਤਰੀ ਟਟੀ ਦੇ ਦਰਵਾਜ਼ੇ ਨੂੰ ਖੋਲ੍ਹਣ ਦੇ ਯਤਨ ਵਿਚ ਹੀ ਲਗ ਰਿਹਾ । ਅਖੀਰ ਉਹ ਥਕ ਟੁਟ ਕੇ ਸਾਹੋ ਸਾਹ ਹੋ ਗਿਆ, ਤੇ ਸਵਾਰੀਆਂ ਨੂੰ ਕਹਿਣ ਲਗਾ, "ਇਹ ਹਥੀਆਂ ਨਵੀਆਂ ਹੀ ਬਾਹਰਲੇ ਮੁਲਕਾਂ ਚੋਂ ਆਈਆਂ ਹਨ ਤੇ ਇਨ੍ਹਾਂ ਦਰਵਾਜ਼ਿਆਂ ਨੂੰ ਲਗੀਆਂ ਹਨ । ਪਤਾ ਨਹੀਂ ਕਿਉਂ ਇਨੀ ਛੇਤੀ ਖਰਾਬ ਹੋ ਗਈਆਂ ਹਨ । ਸ਼ਾਇਦ ਇਨ੍ਹਾਂ ਨੂੰ ਜ਼ੰਗ ਲਗ ਗਿਆ ਹੋਵੇ । ਹੁਣ ਇਸ ਦਰਵਾਜ਼ੇ ਨੂੰ ਤੋੜਨ ਬਿਨਾਂ ਕੋਈ ਚਾਰਾ ਨਹੀਂ । ਤੇ ਤੋੜਨਾ ਉਪਰਲੇ ਅਫਸਰਾਂ ਦੀ ਆਗਿਆ ਬਿਨਾਂ ਮੁਸ਼ਕਲ ਹੈ ।"

ਇਹ ਕਹਿ ਕੇ ਮਿਸਤਰੀ ਆਪਣੇ ਹਥਿਆਰ ਸੰਭਾਲ ਚਲਦਾ ਬਣਿਆ, ਤੇ ਗਡੀ ਵੀ ਉਥੋਂ ਤੁਰ ਪਈ।

ਕਈ ਮੁਸਾਫਰ ਆਪਣਾ ਸਾਰਾ ਤ੍ਰਾਣ ਲਾਕੇ ਟਟੀ ਪਿਸ਼ਾਬ ਰੋਕੀ ਬੈਠੇ ਸਨ, ਤੇ ਉਸ ਪਠਾਣ ਦੀ ਹਾਲਤ ਤਾਂ ਬੜੀ ਤਰਸ ਯੋਗ ਸੀ । ਉਹ ਸੀਟ ਤੇ ਬੈਠ ਵੀ ਨਹੀਂ ਸੀ ਸਕਦਾ, ਤੇ ਤੂਸੇ ਹੋਏ ਡਬੇ ਵਿਚ ਇਧਰ ਉਧਰ ਚੱਕਰ ਟਕ ਰਿਹਾ ਸੀ ।

ਗਡੀ ਪੂਰੀ ਰਫਤਾਰ ਵਿਚ ਲਾਹੌਰ ਵਲ ਨਠੀ ਜਾ ਰਹੀ ਸੀ, ਤੇ ਮੁਸਾਫਰ ਉਚੀ ਉਚੀ ਇਨ੍ਹਾ ਹਥੀ ਬਣਾਣ ਵਾਲਿਆ ਤੇ ਰੇਲ ਵਾਲਿਆਂ ਨੂੰ ਗਾਲਾਂ ਕਢ ਰਹੇ ਸਨ, ਕਿ ਅਚਾਨਕ ਆਪਣੇ ਆਪ ਟਟੀ ਦਾ ਦਰਵਾਜ਼ਾ ਖ਼ੁਲ੍ਹਿਆ, ਤੇ ਅੰਦਰੋਂ ਮਖਣ ਸਿੰਘ ਨਿਕਲ ਆਇਆ । ਮੁਸਾਫਰ ਹੈਰਾਨੀ ਭਰਿਆ ਉੱਚੀ ਉੱਚੀ ਹਾਸਾ ਹਸਣ ਲਗੇ ਤੇ ਮਖਣ ਸਿੰਘ ਵਲ ਇਸ਼ਾਰਾ ਕਰ ਕੇ ਕਹਿਣ ਲਗੇ :

"ਓ ਸਰਦਾਰਾ ! ਤੂੰ ਟਟੀ ਵਿਚ ਸੈਂ, ਤੇ ਅਸੀਂ ਦਰਵਾਜ਼ਾ ਤੁੜਾ ਤੁੜਾ ਥਕ ਗਏ । ਜਾਪਦੈ, ਤੂੰ ਟਿਕਟ ਚੈਕਰ ਤੋਂ ਡਰਦਾ ਅੰਦਰ ਟਟੀ ਵਿਚ ਲੁਕ ਗਿਐਂ ।"

ਮਖਣ ਸਿੰਘ ਦੇ ਚੇਹਰੇ ਤੇ ਕੋਈ ਘਬਰਾਹਟ ਦਾ ਚਿਨ ਨਹੀਂ ਸੀ, ਉਹ ਜੇਤੂ ਜਰਨੈਲਾਂ ਵਾਂਗ ਕਹਿਣ ਲਗਾ, "ਕਿਸੇ ਮਾਂ (ਇਕ ਤਕੜੀ ਗਾਲ੍ਹ ਕਢ ਕੇ) ਦੇ ਨੌਕਰ ਨਹੀਂ, ਜੋ ਟਟੀ ਵਿਚੋ ਛਡ ਕੇ ਟਿਕਟ ਵਿਖਾਣ ਬਾਹਰ ਆ ਜਾਂਦੇ ।"

ਇਹ ਕਹਿ ਕੇ ਉਸਨੇ ਜੇਹਬ ਚੋਂ ਕਢ ਕੇ ਸਾਰਿਆਂ ਨੂੰ ਆਪਣੀ ਟਿਕਟ ਵਿਖਾਈ, ਤੇ ਮੇਰੇ ਪਾਸ ਆਣ ਬੈਠਾ । ਮੈਂ ਉਸ ਤੋਂ ਟਿਕਟ ਲੈ ਕੇ ਵੇਖੀ; ਤਾਂ ਉਹ ਰਾਵਲਪਿਡੀ ਤੋਂ ਚਕਲਾਲੇ (ਰਾਵਲਪਿੰਡੀ ਤੋਂ ਅਗਲੇ ਸ਼ਟੇਸ਼ਨ ) ਦੀ ਇਕ ਆਨੇ ਦੀ ਟਿਕਟ ਸੀ ।

ਮੇਰਾ ਹਾਸਾ ਛੁਟ ਪਿਆ । ਮੈਂ ਉਸਨੂੰ ਕਿਹਾ, "ਸਹੁਰਿਆ ! ਅੰਦਰ ਕੀ ਕਰਦਾ ਰਿਹੈਂ ?"

"ਕਰਦਾ ਰਿਹਾ ਸਾਂ ਚੈਕਰ ਦੀ ਮਾਂ ਦਾ ਸਿਰ । ਅੰਦਰੋਂ ਜ਼ੋਰ ਦੀ ਹਥੀ ਫੜ ਕੇ ਬੈਠ ਗਿਆ, ਸਾਰੀ ਦੁਨੀਆਂ ਬਾਹਿਰੋਂ ਕਠਾ ਜ਼ੋਰ ਲਾ ਲੈਂਦੀ, ਮੈਂ ਭਲਾ ਹਥੀ ਛੋੜਦਾ ਸਾਂ ।"

ਤੇ ਉਧਰ ਡਬੇ ਦੀਆਂ ਸਵਾਰੀਆਂ ਮਖਣ ਸਿੰਘ ਦਾ ਕਾਰਨਾਮਾ ਵੇਖ ਹਸ ਹਸ ਲੋਟ ਪੋਟ ਹੋ ਰਹੀਆਂ ਸਨ ।

# Mistry's Automotive

A RELIABLE CENTRE
for your CAR OR TRUCKS repairs

COMPLETE AUTOMOTIVE & TRUCK SERVICE,

ENGINE OVERHAUL—AUTOMATIC-TRANSMISSIONS,

BRAKES—TUNE UP—WELDING—ETC.

519 S.W. MARINE DR.,
VANCOUVER, B.C.

Free advise and check-up
if you are buying new or used car

# ਮਿਸਤਰੀਜ਼' ਆਟੋਮੋਟਿਵ

519-ਸਾਊਥ ਵੈਸਟ ਮੈਰੀਨ ਡਰਾ:
ਵੈਨਕੋਵਰ, ਬੀ.ਸੀ.

PHONE: 324-2333

ਟੈਲੀਫ਼ੂਨ: ੩੨੪-੨੩੩੩

ਆਪਣੀਆਂ ਕਾਰਾਂ ਤੇ ਟਰੱਕਾਂ ਦੀ ਤਸੱਲੀਬਖ਼ਸ਼ ਮੁਰੰਮਤ ਅਤੇ ਕਾਰ ਖਰੀਦਣ ਸਮੇਂ "ਮੁਫ਼ਤ ਸਲਾਹ ਅਤੇ ਚੈੱਕ-ਅਪ" ਲਈ ਸਾਡੀਆਂ ਸੇਵਾਵਾਂ ਹਾਸਲ ਕਰੋ।


## "ਵਤਨੋਂ ਦੂਰ" ਦੀ ਹਰ ਸੰਭਵ ਮੱਦਦ ਤੁਹਾਡਾ ਇਖ਼ਲਾਕੀ ਫ਼ਰਜ਼ ਹੈ, ਕਿਉਂਕਿ :-

- ਵਤਨੋਂ ਦੂਰ, ਵਤਨ ਤੋਂ ਦੂਰ ਤੁਹਾਡੀ ਮਾਂ ਬੋਲੀ ਪੰਜਾਬੀ ਵਿੱਚ ਛਪਣ ਵਾਲਾ ਮਾਸਕ-ਪੱਤਰ ਹੈ।
- ਵਤਨੋਂ ਦੂਰ, ਨਿਰੋਲ ਸਾਹਿੱਤਕ ਅਤੇ ਸੱਭਿਆਚਾਰਕ ਮਾਸਕ-ਪੱਤਰ ਹੈ ਜਿਹੜਾ ਸਾਹਿੱਤ, ਕਲਾ, ਅਤੇ ਜੀਵਨ ਦੇ ਪ੍ਰਸਪਰ ਸਬੰਧਾਂ ਤੇ ਭਰਪੂਰ ਰੌਸ਼ਨੀ ਪਾਉਂਦਾ ਹੈ।
- ਵਤਨੋਂ ਦੂਰ, ਪੰਜਾਬੀ-ਸਾਹਿੱਤ ਵਿੱਚ ਅਗਾਂਹ-ਵਧੂ, ਨਿੱਗਰ ਅਤੇ ਸਿਹਤਮੰਦ ਵਿਚਾਰਾਂ ਦਾ ਪਹਿਰੇਦਾਰ ਹੈ।
- ਵਤਨੋਂ ਦੂਰ, ਹਰ ਤਰ੍ਹਾਂ ਦੀਆਂ ਧੜੇਬੰਦੀਆਂ, ਕੁਹਜੀਆਂ ਰਾਜਨੀਤਕ-ਸਰਗਰਮੀਆਂ, ਪਿਛਾਂਹ ਖਿਚੂ ਫਿਰਕੂ-ਭਾਵਨਾਵਾਂ ਤੋਂ ਨਿਰਲੇਪ ਹੈ।
- ਵਤਨੋਂ ਦੂਰ, ਆਪਣੇ ਹਰ ਮਹੀਨੇ ਛਪਣ ਵਾਲੇ - 'ਸਾਜ਼ ਅਤੇ ਆਵਾਜ਼', 'ਹਸਦੀਆਂ ਬੁੱਲ੍ਹੀਆਂ' ਅਤੇ 'ਇਸ ਅੰਕ ਦਾ ਨਾਵਲ' - ਨਾਂ ਦੇ ਸਥਾਈ-ਕਾਲਮਾਂ ਰਾਹੀਂ 'ਫਿਲਮਾਂ' ਤੇ 'ਹਾਸ-ਰਸ' ਦੇ ਉਸਾਰੂ ਪੱਖਾਂ ਨਾਲ ਤੁਹਾਡੀ ਸਾਂਝ ਪਵਾਉਂਦਾ ਹੈ।
- ਵਤਨੋਂ ਦੂਰ, ਆਪਣੇ 'ਨਵੀਆਂ ਕਲਮਾਂ' ਨਾਂ ਦੇ ਸਥਾਈ-ਕਾਲਮ ਰਾਹੀਂ ਕੈਨੇਡਾ ਦੇ ਉੱਭਰ ਰਹੇ ਨੌਜਵਾਨ ਪੰਜਾਬੀ-ਸਾਹਿੱਤਕਾਰਾਂ ਨੂੰ ਉਤਸ਼ਾਹਤ ਕਰਦਾ ਹੈ।
- ਵਤਨੋਂ ਦੂਰ, ਦਾ ਸਾਲਾਨਾ ਚੰਦਾ, ਕੈਨੇਡਾ ਅਤੇ ਅਮਰੀਕਾ ਲਈ ( 6 ਡਾਲਰ) ਅਤੇ ਇੰਗਲੈਂਡ ਲਈ ( 3 ਪੌਂਡ) ਬਹੁਤ ਵਾਜਬ ਹੈ ਜਦ ਕਿ ਆਰਟ-ਪੇਪਰ ਦੇ ਟਾਈਟਲ ਸਮੇਤ 11" x 8½" ਸ਼ਾਈਜ਼ ਵਿੱਚ ਇਸਦੇ 28 ਪੰਨੇ ਹੁੰਦੇ ਹਨ।


ਤਾਰਾ ਸਿੰਘ ਹੇਅਰ
ਐਮ. ਏ. (ਪੰਜਾਬੀ ਤੇ ਇਕਨਾਮਿਕਸ), ਬੀ. ਐੱਡ.)
(ਪ੍ਰਕਾਸ਼ਕ 'ਵਤਨੋਂ ਦੂਰ')

ਸੁਰਿੰਦਰਪਾਲ ਸਿੰਘ ਪੰਜਾਲ
ਬੀ. ਐਸ-ਸੀ. (ਇਲੈਕਟ੍ਰੀਕਲ ਇੰਜ:
ਗਿਆਨੀ (ਪੰਜਾਬ ਯੂਨੀ: ਮੈਡਲਿਸਟ)
( ਚੀਫ਼ ਐਡੀਟਰ 'ਵਤਨੋਂ ਦੂਰ')

ਕਰਨੈਲ ਸਿੰਘ ਮਾਨ
(ਐਡਮਨਿਸਟਰੇਟਿਵ ਐਡੀਟਰ)

ਜਸਵਿੰਦਰ ਸਿੰਘ ਰੰਗੂ
(ਸਰਕੂਲੇਸ਼ਨ ਐਡੀਟਰ)

ਦਲਜੀਤ ਸਿੰਘ ਤੂਰ
(ਐਡਵਰਟਾਈਜ਼ਿੰਗ ਐਡੀਟਰ)


### ਚੰਦਾ, ਰਚਨਾਵਾਂ ਅਤੇ ਇਸ਼ਤਿਹਾਰ ਭੇਜਣ ਦਾ ਪਤਾ :-


ਪ੍ਰਕਾਸ਼ਕ 'ਵਤਨੋਂ ਦੂਰ'
12551-89A AVENUE
SURREY, B.C.

ਚੀਫ਼ ਐਡੀਟਰ 'ਵਤਨੋਂ ਦੂਰ'
7845 -15th STREET
BURNABY-3, B.C.

House of PURE-HI-GRADE SPICES, NATURAL FOODS-
DALS, PICKLES, OILS & FRESH-GROUND-FLOUR

ਸ਼ੁਧ, ਵਧੀਆ ਅਤੇ ਬਿਲਕੁਲ ਤਾਜ਼ਾ
ਮਸਾਲੇ, ਦਾਲਾਂ, ਤੇਲ ਅਤੇ ਆਟੇ ਦੀ ਪ੍ਰਸਿਧ ਦੁਕਾਨ

# AMBIKA

ਟੈਲੀਫ਼ੂਨ:
TELEPHONE NO.
327 - 4919

# ਅਮਬੀਕਾ

## Enterprises Limited

## ਇੰਟਰਪਰਾਈਜ਼ਜ਼ ਲਿਮਿਟਡ

7287-KNIGHT STREET (AT 57th AV.) - VANCOUVER-15, B.C.

7287- ਨਾਈਟ ਸਟਰੀਟ (57th ਐਵੀਨੀਊ), ਵੈਨਕੋਵਰ-15, ਬੀ.ਸੀ.

A RELIABLE CENTRE FOR QUALITY FOODS

OUR SPECIALITIES :-

1. PURE-HI-GRADE SPICES :- *Tumeric, Chillies Powder, Curry Powder, Masalas etc. etc....*
2. CLEANED NATURAL GRAINES:- *Split and whole DALS, Mung Been, MOTH, BLACK MANH (URD), CHANA (GARBENZO) LENTILS and BEENS OF ALL KINDS.*
3. STONE-GROUND FRESH-FLOUR :- *Pea Flour, Chana (GARBENZO) Flour, Urd Flour, Moongi Flour, Dhokra Flour etc. etc.* [FRESHNESS & PURITY OF OUR STONE-GROUND FLOUR GARENTEED]
4. EDIBLE OILS :- *Coconut Oil, Musturd Oil, Vegitable Oils, Almond Oils, Mazola Oil (Corn Oil) Olive Oil, Cotten Seed Oil etc. etc.*
5. NUTS ROASTES SALTED & RAW :- *Cheshews, Pistachios, Almonds, Peanuts, Sunflour Seeds, Dry Fruits etc. etc.*
6. PICKLES & CHUTNEY:- *Mango, Chillies, Lemon, Gunda, Karela & Vegitables etc. etc.*
7. RICE :- *Long Grain, Brown, Basmati, Broken etc. etc.*

OUR STONE-GROUND RICE-FLOUR & INSTANT-FOOD-MIX IS VERY FAMOUS FOR ITS FLAVOUR & PURITY.
*Mail orders are accepted.* BULK-ORDERS FOR PARTIES *are also accepted and we supply everything for your requirement such as* MILK, BUTTER, PAPER PRODUCTS, FRESH VEGITABLES *etc. etc.*

**Our name stands For Quality & Freshness**

ਸਾਡੇ ਪਾਸੋਂ ਸ਼ੁਧ ਅਤੇ ਤਾਜ਼ਾ ਮਸਾਲੇ, ਦਾਲਾਂ, ਆਟਾ, ਤੇਲ, ਸੁੱਕੇ ਮੇਵੇ, ਅਚਾਰ, ਚਟਣੀ ਅਤੇ ਚਾਵਲ ਸਸਤੀ ਕੀਮਤ ਤੇ ਮਿਲਦੇ ਹਨ। ਡਾਕ ਰਾਹੀਂ ਆਰਡਰ ਅਤੇ ਪਾਰਟੀਆਂ ਲਈ ਵੱਡੇ ਆਰਡਰ ਵੀ ਸਵੀਕਾਰ ਕੀਤੇ ਜਾਂਦੇ ਹਨ। ਫ਼ੂਨ 327-4919 ਤੇ ਟੈਲੀਫ਼ੂਨ ਕਰਕੇ ਸਾਡੀਆਂ ਸੇਵਾਵਾਂ ਹਾਸਲ ਕਰੋ।